


ੴ

# ਅੰਮ੍ਰਿਤ ਕੀਰਤਨ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਮੁੱਲ : 10 ਰੁਪਏ ਅਗਸਤ, 1996

# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 8 ਸਾਲ ਅੱਠਵਾਂ ਅਗਸਤ 1996

**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.

**ਸਹਿਯੋਗੀ**

ਡਾ. ਤ੍ਰਿਲੋਚਨ ਸਿੰਘ ਤਰਸੀ

ਡਾ. ਕਰਨੈਲ ਸਿੰਘ ਸੋਮਲ

ਸ. ਜੋਤਿੰਦਰ ਸਿੰਘ ਸੋਹਲ

ਸ. ਹਰਭਜਨ ਸਿੰਘ ਚੋਪੜਾ

ਪ੍ਰੋ. ਸਤਵਿੰਦਰ ਸਿੰਘ

ਸ. ਕੇ. ਐਸ. ਚੁਘ

**ਚਿੱਤਰਕਾਰ**

ਗੁਰਦੀਪ ਸਿੰਘ ਦੀਪ

ਮਿਤ੍ਰ ਅਸਾਡੜੇ ਸੇਈ 2

ਕਰਉ ਬੇਨੰਤੀਆ/ਜਾਇ ਮਿਲਾ ਤਿਨਾ ਸਜਣਾ 3

ਧਿਅਨ ਧਰ ਕੇ ਬੋਲੋ ਜੀ 'ਵਾਹਿਗੁਰੂ !'
–ਡਾ. ਜਸਵੰਤ ਸਿੰਘ ਨੇਕੀ 6

ਕੀਰਤਨ ਵਿਚ ਮਨ ਕਿਵੇਂ ਲਗਦਾ ਹੈ ?
–ਸ. ਹਰਬੰਸ ਸਿੰਘ, ਲਖਨਊ 8

ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਕੀਰਤਨ ਸ਼ੈਲੀ
–ਪ੍ਰਿੰ. ਗੁਰਮੁਖ ਸਿੰਘ 10

ਜਪੁਜੀ ਵਿਚਾਰ
–ਬੰਤ ਸਿੰਘ 13

ਗੁਰਬਾਣੀ ਵਿੱਚ ਨੌਂ ਵਾਰਾਂ ਦੀਆਂ ਧੁਨੀਆਂ ਦੀ ਹੋਂਦ
–ਬੇਦੀ ਲਾਲ ਸਿੰਘ ਸਾਹਿਤਕਾਰ 14

ਪੁਸਤਕ ਚਰਚਾ–ਗੁਰਬਾਣੀ ਸੰਗੀਤ ਬੋਧ 18

ਨੋਟੇਸ਼ਨ ਵਾਲੇ ਸ਼ਬਦ ਦੇ ਅਰਥ
–ਪ੍ਰਿੰ. ਸਾਹਿਬ ਸਿੰਘ 19

ਸੁਰ ਲਿਪੀ–ਗਉੜੀ ਗੁਆਰੇਰੀ
–ਪ੍ਰੋ. ਪਰਮਜੋਤ ਸਿੰਘ 20

ਸੰਗੀਤ–ਲਿਪੀ ਚਿੰਨ੍ਹ 22

ਮਹੀਨਾ ਅਗਸਤ/ਭਾਦਰੋਂ 24

**ਚੰਦੇ ਦਾ ਵੇਰਵਾ :**

| | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨਮੈਂਬਰ | 1000 ਰੁ. (15 ਸਾਲ) |
| ਵਿਦੇਸ਼ ਸਲਾਨਾ | 500 ਰੁ. |
| ਜੀਵਨਮੈਂਬਰ | 5000 ਰੁ. (15 ਸਾਲ) |

**ਚਿੱਠੀ ਪੱਤਰ ਲਈ ਪਤਾ :**

ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15–ਏ
ਚੰਡੀਗੜ੍ਹ–160 015
ਫੋਨ : 772660
45452

**ਇਸ਼ਤਿਹਾਰਾਂ ਦਾ ਵੇਰਵਾ**

| | |
|---|---|
| ਪਿਛਲਾ ਕਵਰ | 5000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. |

■ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

■ ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ ।

■ 'ਅੰਮ੍ਰਿਤ ਕੀਰਤਨ' ਲਈ ਚੈਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

# ਮਿਤ੍ਰ ਅਸਾਡੜੇ ਸੇਈ .....

♦ ਜੂਨ ਅੰਕ ਵਿੱਚ ਤੁਸੀਂ 'ਭਾਈ ਸਮੁੰਦ ਸਿੰਘ ਜੀ ਰਾਗੀ' ਬਾਰੇ ਲੇਖ ਦਿੱਤਾ ਹੈ ਜਿਹੜਾ ਪ੍ਰਸੰਸਾ ਦਾ ਹੱਕਦਾਰ ਹੈ । ਸਾਡੇ ਸਾਹਿਤ ਵਿਚ ਕੀਰਤਨ ਕਰਨ ਵਾਲਿਆਂ ਨੂੰ ਅੱਖੋਂ-ਪਰੋਖੇ ਕੀਤਾ ਗਿਆ ਹੈ । ਇਥੋਂ ਤੱਕ ਕਿ ਉਨ੍ਹਾਂ ਦੇ ਮੂਲ ਦੀ ਪਹਿਚਾਣ ਅਤੇ ਰਾਗ ਵਿਦਿਆ ਬਾਰੇ ਤਾਂ ਗੱਲ ਤੱਕ ਵੀ ਨਹੀਂ ਕੀਤੀ ਜਾਂਦੀ । ਤੁਹਾਡੇ ਵੱਲੋਂ ਕੀਰਤਨ ਕਰਨ ਵਾਲਿਆਂ ਦੀ ਜੀਵਨੀ ਅਤੇ ਰਾਗ ਵਿਦਿਆ ਬਾਰੇ ਦਿੱਤੇ ਜਾ ਰਹੇ ਉਲੇਖ ਨਾਲ ਅਮੁੱਲ ਵਿਰਸੇ ਦੀ ਸੰਭਾਲ ਹੋਵੇਗੀ ਜਿਸ ਨੂੰ ਕੇਵਲ 'ਅੰਮ੍ਰਿਤ ਕੀਰਤਨ' ਵਿਚ ਹੀ ਹੁੰਗਾਰਾ ਮਿਲਿਆ ਹੈ । 'ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ' ਨਾਲ ਗੁਰਬਾਣੀ ਪੜ੍ਹਣ ਵਾਲਿਆਂ ਨੂੰ ਗੁਰਬਾਣੀ ਦੇ ਭਾਵ ਸਮਝਣ ਵਿਚ ਬਹੁਤ ਸਹਾਇਤਾ ਮਿਲਦੀ ਹੈ । ਅਜਿਹੇ ਕਾਲਮ ਨੂੰ ਅਵਸ਼ ਜਾਰੀ ਰੱਖੋ ਜੋ ਜਗਤ ਕਲਿਆਣ ਲਈ ਸਹਾਇਕ ਹੈ । 'ਜਪੁਜੀ ਵਿਚਾਰ' ਅਤੇ ਅਜਿਹੇ ਹੋਰ ਗੁਰਬਾਣੀ ਦੀ ਜਾਣਕਾਰੀ ਨਾਲ ਭਰਪੂਰ ਲੇਖਾਂ ਦੀ ਅਤਿ ਆਵਸ਼ਕਤਾ ਹੈ ।

ਮੈਂ ਆਪ ਜੀ ਨੂੰ ਕਲਿਯੁਗ ਦੇ ਇਸ ਘੋਰ ਅੰਧਕਾਰ ਸਮੇਂ ਵਿਚ 'ਉਪਯੋਗੀ' ਅਤੇ ਜਗਤ-ਹਿਤੂ ਕਾਰਜ ਲਈ ਵਧਾਈ ਭੇਜਦਾ ਹਾਂ ਅਤੇ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਆਪ ਜੀ ਨੂੰ ਇਸ ਕਾਰਜ ਲਈ ਹੋਰ ਸਮਰਥਾ ਬਖਸ਼ੇ ।

ਚੰਡੀਗੜ੍ਹ — ਡਾ. ਸ.ਸ. ਅਰਸ਼ੀ

ਜੂਨ ਅੰਕ ਵਿਚ ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਸੰਬੰਧੀ ਲੇਖ ਪੜ੍ਹ ਕੇ ਮੈਨੂੰ ਬਹੁਤ ਹੀ ਅਨੰਦ ਆਇਆ । ਬਾਕੀ ਦੇ ਜੋ ਲੇਖ ਹਨ ਉਹ ਵੀ ਸ਼ਲਾਘਾਯੋਗ ਹਨ । ਮੈਂ ਆਪ ਜੀ ਨੂੰ ਇਸ ਉਚ-ਪੱਧਰੀ ਸੇਵਾ ਲਈ ਮੁਬਾਰਕਬਾਦ ਦਿੰਦਾ ਹਾਂ । ਮੈਂ ਆਸ ਕਰਦਾ ਹਾਂ ਕਿ ਆਪ ਵੱਲੋਂ ਇਹ ਸੇਵਾ ਵੱਧ ਚੜ੍ਹਕੇ ਹੁੰਦੀ ਰਹੇਗੀ ।

ਪਟਿਆਲਾ — ਪ੍ਰੋ. ਗੁਰਚਰਨ ਸਿੰਘ

ਆਪ ਨੇ ਮੈਗਜ਼ੀਨ ਵਿੱਚ 'ਮਹੀਨਾ' ਦੇਣਾ ਸ਼ੁਰੂ ਕੀਤਾ ਹੈ ਨਾਲ ਹੀ ਅਰਥ । ਇਹ ਬਹੁਤ ਵਧੀਆ ਹੈ ।

ਡੇਹਰਾਦੂਨ — ਡਾ. ਜੇ.ਪੀ. ਨੰਦਾ

'ਅੰਮ੍ਰਿਤ ਕੀਰਤਨ' ਸਮੇਂ ਸਿਰ ਪੁੱਜ ਰਿਹਾ ਹੈ ਅਤੇ ਮੈਂ ਇਸ ਨੂੰ ਦਿਲਚਸਪੀ ਨਾਲ ਪੜ੍ਹਦਾ ਹਾਂ ।

ਚੰਡੀਗੜ੍ਹ — ਹਰਬਿੰਦਰ ਸਿੰਘ

'ਅੰਮ੍ਰਿਤ ਕੀਰਤਨ' ਉਚੀਆਂ ਬੁਲੰਦੀਆਂ ਵੱਲ ਵਧ ਰਿਹਾ ਹੈ । ਅਕਾਲ ਪੁਰਖ ਦਾ ਸ਼ੁਕਰ ਕਰਦੇ ਹਾਂ ਅਤੇ ਆਪ ਜੀ ਨੂੰ ਵਧਾਈ ਦਿੰਦੇ ਹਾਂ । ਅੰਮ੍ਰਿਤ ਕੀਰਤਨ ਵਿੱਚ ਵਿਦਵਾਨ ਕੀਰਤਨੀਏ ਜੋ "ਹਰਿ ਕੀਰਤਨ ਗਾਇ, ਗੁਣੀਂ ਜਨ ਬਣਤਿਆ" ਮਹਾਂਵਾਕ ਅਨੁਸਾਰ ਸ਼ੁਧ ਕੀਰਤਨ ਕਰਦੇ ਹਨ । ਉਨ੍ਹਾਂ ਕੀਰਤਨੀਆਂ ਦੇ ਜੀਵਨ ਸਬੰਧੀ ਲੇਖ ਅਤੇ ਇੰਟਰਵਿਊ ਜਰੂਰ ਦਿਆ ਕਰੋ ਜੀ । ਪਿਛੇ ਜਿਹੇ ਭਾਈ ਸਾਹਿਬ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਦੇ ਜੀਵਨ ਸਬੰਧੀ ਸ: ਹਰਜਾਪ ਸਿੰਘ ਦਾ ਲੇਖ ਸਲਾਘਾ ਯੋਗ ਸੀ ।

ਮਲੋਟ — ਭਾਈ ਅਵਤਾਰ ਸਿੰਘ ਹੰਸ

ਜੂਨ ਅੰਕ ਵਿਚ ਆਪ ਦਾ ਸੰਪਾਦਕੀ, ਸੁਰ ਤਾਲ, ਗੁਰਬਾਣੀ ਕੀਰਤਨ ਅਤੇ ਭਾਈ ਸਮੁੰਦ ਸਿੰਘ ਜੀ ਬਾਰੇ ਲੇਖ ਕੀਰਤਨੀਆਂ ਲਈ ਸਿਖਿਆ ਦਾਇਕ ਅਤੇ ਪ੍ਰੇਰਨਾ ਦੇਣ ਵਾਲੇ ਹਨ ।

ਮਲੋਟ — ਪ੍ਰੋ. ਐਮ.ਐਸ.ਸਚਦੇਵਾ

ਰਾਗ ਸੂਹੀ ਦੀ ਬੰਦਸ਼ ਅਤੇ ਤਬਲੇ ਬਾਰੇ ਜਾਣਕਾਰੀ ਦੇ ਕੇ ਤੁਸੀਂ ਕੀਰਤਨੀ ਸਿੰਘਾਂ ਤੇ ਉਪਕਾਰ ਕੀਤਾ ਹੈ ।

ਮਲੋਟ — ਪ੍ਰੋ. ਮੰਗਤ ਸਿੰਘ ਮਸਤਾਨਾ

ਜੂਨ ਅੰਕ ਵਿਚ 'ਕਰਉ ਬੇਨੰਤੀਆਂ....' ਦੇ ਅੰਤਰਗਤ "ਗੰਢੇਦਿਆਂ ਛਿਅ ਮਾਹੁ ਤੁੜੰਦਿਆ ਹਿਕੁ ਖਿਨੋ" ਸਿਰਲੇਖ ਥਲੇ ਲਿਖੇ ਗਏ ਵਿਚਾਰ ਬਾਖੂਬ ਸੱਚ ਦਾ ਪ੍ਰਗਟਾਓ ਹਨ । ਉਠਾਇਆ ਗਿਆ ਮੁੱਦਾ ਭਾਵੇਂ ਸੰਕੇਤਕ ਪੱਧਰ ਦੀ ਵਿਆਖਿਆ ਨਾਲ ਸੰਬੰਧਤ ਹੈ, ਪਰ ਹੈ ਟਿਕਾਣੇ ਪੁੱਜਣ ਵਾਲਾ ਤੀਰ । 'ਗੁਰਮਤ ਸੰਗੀਤ' ਵਿਸ਼ਾ ਆਪਣੇ ਆਪ 'ਚ ਵਿਸ਼ਾਲਤਾ ਦਾ ਧਾਰਨੀ ਹੈ, ਪੰਜਾਬੀਅਤ ਦੀ ਪਛਾਣ ਦਾ ਇਕ ਉੱਘੜਵਾਂ ਅਤੇ ਠੋਸ ਮੂਲ-ਬਿੰਦੂ ਹੈ ਪਰੰਤੂ ਕੁਝ ਅਣਗੌਲਤਾ ਕਾਰਨ ਅਜੇ ਇਸ ਦੀ ਅਹਿਮੀਅਤ ਅਤੇ ਇਸਦਾ ਸਹੀ ਸਰੂਪ ਸਾਡੇ ਆਗੂਆਂ, ਬੋਰਡਾਂ ਅਤੇ ਯੂਨੀਵਰਸਿਟੀ ਪੱਧਰ ਦੇ ਕੁਝ ਕਾਰਕੁਨਾਂ ਨੂੰ ਸਮਝ ਨਹੀਂ ਆ ਸਕਿਆ । ਇਸ ਸਮਝ- ਜਾਂ ਬੇਸਮਝੀ ਦੇ ਅਨੇਕਾਂ ਕਾਰਨ ਹੋ ਸਕਦੇ ਹਨ-ਇਕ ਦੋ ਨੂੰ ਤੁਸਾਂ ਵੀ ਉਭਾਰਿਆ ਹੈ-ਮੌਕੇ ਸਿਰ ਉਭਾਰਿਆ ਹੈ । ਅਸਲ ਵਿਚ 'ਗੁਰਮਤਿ ਸੰਗੀਤ' ਕਿਸੇ ਇਕ ਫਿਰਕੇ ਜਾਂ ਜਾਤ ਜਾਂ ਜਮਾਤ ਦੇ ਲੋਕਾਂ ਦਾ ਸੰਗੀਤ ਨਹੀਂ, ਸਗੋਂ ਇਹ ਸਮੁੱਚੀ ਲੋਕਤਾ ਦੇ ਸਰਮਾਏ ਦਾ ਇਕ ਵੱਡਾ ਭਾਗ ਹੈ ।

'ਸੁਰ ਤਾਲ ਤੇ ਜ਼ਿੰਦਗੀ' ਚੰਗਾ ਨਿਬੰਧ ਹੈ । 'ਸੁਰ ਲਿਪੀ' 'ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ' ਅਤੇ 'ਸੰਗੀਤ-ਲਿਪੀ ਚਿੰਨ' ਇਸ ਪਰਚੇ ਦੀ ਮੂਲ ਆਤਮਾ ਦੀ ਸੰਚਾਰ-ਜੁਗਤ ਨਾਲ ਸੰਬੰਧਤ ਹਨ ।

'ਸਭ ਥਾਈ ਹੋਇ ਸਹਾਇ' ਅਤੇ 'ਜਪੁਜੀ ਵਿਚਾਰ' ਵਿਚਾਰਾਤਮਕ-ਪ੍ਰਸੰਗਤਾ ਨਾਲ ਸੰਬੰਧਿਤ ਆਖੇ ਜਾ ਸਕਦੇ ਨੇ ਪਰ ਬਹੁਤ ਸੰਖੇਪ ਹਨ ।

ਫਗਵਾੜਾ — ਡਾ. ਜਗੀਰ ਸਿੰਘ ਨੂਰ

# ਜਾਇ ਮਿਲਾ ਤਿਨਾ ਸਜਣਾ

ਗੁਰਬਾਣੀ ਕੀਰਤਨ ਦੀ ਕਰਾਮਾਤ ਸਦਕਾ ਮੇਰੇ ਸੱਜਣ ਬਹੁਤ ਹਨ। ਇਹ ਸਜਣ ਕੋਈ 'ਗੱਲੀਂ ਗੱਲੀਂ ਨਹੀਂ' ਹਨ ਸਗੋਂ ਅਸਲੀ ਸੱਜਣ ਹਨ। ਇਹ ਉਹ ਸੱਜਣ ਹਨ ਜਿਹੜੇ ਮੇਰੀ ਲੋੜ ਸਮੇਂ ਮੇਰੇ ਨਾਲ ਹੁੰਦੇ ਹਨ। ਮੇਰੇ ਇਹ ਸੱਜਣ ਦੇਸ ਵਿੱਚ ਵੀ ਹਨ ਅਤੇ ਵਿਦੇਸ਼ਾਂ ਵਿਚ ਵੀ ਹਨ। ਦੇਸ ਵਾਲੇ ਸੱਜਣਾਂ ਨਾਲ ਤਾਂ ਮੇਲ ਸੌਖਾ ਹੋ ਜਾਂਦਾ ਪਰ ਵਿਦੇਸ ਵਾਲੇ ਸਜਣਾਂ ਨੂੰ ਮਿਲਣ ਲਈ ਵੀਜ਼ਾ, ਦਫਤਰੋਂ ਛੁੱਟੀ, ਕਿਰਾਇਆ ਆਦਿ 'ਗਲੀਏ ਚਿਕੜ' ਬਣ ਜਾਂਦਾ ਹੈ। ਭਾਵੇਂ ਕੰਬਲੀ ਭਿੱਜਣ ਦਾ ਡਰ ਵੀ ਨਹੀਂ ਹੁੰਦਾ ਪਰ ਵਿਕਾਂਦੜੇ ਖੰਭ ਤਾਂ 'ਸਾਵੀਂ ਤੋਲ' ਨਾਲ ਵੀ ਪ੍ਰਾਪਤ ਨਹੀਂ ਹੁੰਦੇ। ਅਜਿਹੇ ਸਮੇਂ ਵੀ ਆਸ ਦਾ ਪੱਲਾ ਨਹੀਂ ਛੱਡੀ ਦਾ। ਵਾਹਿਗੁਰੂ ਜੀ ਅੱਗੇ ਅਰਦਾਸ ਕਰੀ ਜਾਂਦੇ ਹਾਂ। ਉਹ ਕਈ ਵਾਰ ਅਜਿਹੀ ਕਲਾ ਵਰਤਾ ਦਿੰਦੇ ਹਨ ਕਿ ਸਾਰੀਆਂ ਰੁਕਾਵਟਾਂ ਸਹਿਜੇ ਹੀ ਦੂਰ ਹੋ ਜਾਂਦੀਆਂ ਹਨ। ਮੈਂ ਕੀਰਤਨ ਕਰਦਾ ਹੋਇਆ 'ਸਤਿਗੁਰ ਸਬਦੀਂ ਮਿਲੈ ਵਿਛੁੰਨੇ' ਦੇ ਅਰਥਾਂ ਦੀ ਹੋਰ ਗਹਿਰਾਈ ਤੱਕ ਜਾਣ ਦੀ ਕੋਸ਼ਿਸ਼ ਕਰਦਾ ਹਾਂ।

ਬੜੀ ਦੇਰ ਤੋਂ ਆਸਟ੍ਰੇਲੀਆ ਬੈਠੇ ਸਜਣਾਂ ਨੂੰ ਮਿਲਣ ਦੀ ਤਾਂਘ ਸੀ। ਵਾਹਿਗੁਰੂ ਜੀ ਨੇ ਬ੍ਰਿਸਬੇਨ ਦੇ ਡਾ. ਭੱਲਾ ਜੀ ਨੂੰ ਪ੍ਰੇਰਨਾ ਕੀਤੀ ਤੇ ਉਹਨਾਂ ਸਾਨੂੰ ਸਪਾਂਸਰਸ਼ਿਪ ਭੇਜ ਦਿੱਤੀ। ਬਜਾਜ ਟ੍ਰੈਵਲ ਵਾਲਿਆਂ ਨੇ ਸੀਟ ਬੁੱਕ ਕਰ ਦਿੱਤੀ। ਬੱਚਿਆਂ ਨੂੰ ਛੁੱਟੀਆਂ ਹੋ ਗਈਆਂ ਤੇ ਮੇਰੇ ਦਫਤਰ ਨੇ ਮੈਨੂੰ ਛੁੱਟੀ ਦੇ ਦਿੱਤੀ ਤੇ ਅਸੀਂ- ਕਾਕਾ ਹਰਗੁਨਗੀਤ ਸਿੰਘ, ਬੱਚੀ ਹਰਸ਼ਗੀਤ ਕੌਰ, ਪਤਨੀ ਕੁਲਵੰਤ ਕੌਰ ਤੇ ਮੈਂ - ਸਿਡਨੀ ਹਵਾਈ ਅੱਡੇ ਤੇ ਜਾ ਪਹੁੰਚੇ। ਉਥੇ ਨਰਿੰਦਰਪਾਲ ਸਿੰਘ ਦੇ ਸਪੁੱਤਰ ਮਨਧੀਰ ਪਾਲ ਸਿੰਘ ਅਤੇ ਸਨਧੀਰ ਪਾਲ ਸਿੰਘ ਸਾਨੂੰ ਲੈਣ ਆਏ ਹੋਏ ਸਨ। ਉਹਨਾਂ ਸਾਡੇ ਲਈ ਬਹੁਤ ਵਧੀਆ ਗੈਸਟ ਹਾਊਸ ਬੁੱਕ ਕਰਾਇਆ ਹੋਇਆ ਸੀ। ਸਾਨੂੰ ਜਾਪਿਆ ਜਿਵੇਂ ਸਾਡਾ ਹੀ ਘਰ ਹੋਵੇ ਪਰ ਸਹੂਲਤਾਂ ਪੱਛਮੀ ਦੇਸਾਂ ਵਾਲੀਆਂ ਪ੍ਰਾਪਤ ਹੋ ਗਈਆਂ ਹੋਣ। ਮਨਧੀਰਪਾਲ ਸਿੰਘ ਦੀ ਸੁਪਤਨੀ ਰਮੀਤ ਕੌਰ ਦੇ ਉਦਮ ਸਦਕਾ ਸਾਡੀ ਇਹ ਰਿਹਾਇਸ਼ ਬੜੀ ਖੁਸ਼ ਗਵਾਰ ਬਣ ਗਈ। ਸਨਧੀਰ ਪਾਲ ਸਿੰਘ ਨੇ ਸਾਡੇ ਲਈ ਬਹੁਤ ਸਮਾਂ ਕਢਿਆ। ਸਾਡੀਆਂ ਖੇਚਲਾਂ ਖਿੜੇ ਮਥੇ ਸਹਿਣ ਕੀਤੀਆਂ ਤੇ ਸਾਨੂੰ ਸਿਡਨੀ ਸ਼ਹਿਰ ਦੀ ਸੈਰ ਕਰਵਾਈ।

ਸਿਡਨੀ ਵਿਖੇ , ਸ੍ਰ. ਰਘੁਜੀਤ ਸਿੰਘ, ਸ੍ਰ. ਜਸਪਾਲ ਸਿੰਘ, ਗਿਆਨੀ ਸੰਤੋਖ ਸਿੰਘ, ਸ੍ਰ. ਰਾਮ ਸਿੰਘ ਪਵਾਰ ਸ੍ਰ, ਕਾਲਾ ਸਿੰਘ ਆਦਿ ਦੇ ਉਦਮ ਸਦਕਾ ਅਸੀਂ ਗੁਰਦੁਆਰਾ ਪਾਰਕਲੀ, ਗੁਰਦੁਆਰਾ ਤਾਰਾਮਾਰਾ ਅਤੇ ਗੁਰਦੁਆਰਾ ਰਿਵਜ਼ਬੀ ਵਿਖੇ ਕੀਰਤਨ ਕੀਤਾ। ਇਹਨਾਂ ਗੁਰਦੁਆਰਾ ਸਾਹਿਬਾਨ ਵਿੱਚ ਭਾਈ ਗੁਰਦੇਵ ਸਿੰਘ, ਭਾਈ ਬਲਬੀਰ ਸਿੰਘ ਅਤੇ ਭਾਈ ਮਗਾ ਸਿੰਘ ਕੀਰਤਨ ਦੀ ਸੇਵਾ ਕਰਦੇ ਹਨ। ਮੇਰੇ ਨਾਲ ਤਬਲੇ ਤੇ ਸੰਗਤ ਕਾਕਾ ਗੁਰਜੀਤ ਸਿੰਘ ਕਰਦੇ ਰਹੇ। ਸਿਡਨੀ ਵਿੱਚ ਪਿਆਰ ਤੇ ਸਤਿਕਾਰਯੋਗ ਵੀਰ ਸਤਿੰਦਰ ਮੋਹਨ ਸਿੰਘ, ਭੈਣ ਰੂਪਨ ਜੀ, ਜਗੀ ਵੀਰ ਜੀ, ਭੈਣ ਜੀ ਗੁਲਸ਼ਨ ਰਾਣਾ, ਡਾ. ਵਰਿਆਮ ਸਿੰਘ, ਵੀਰ ਪਰਦੀਪ ਸਿੰਘ ਆਦਿ ਨੇ ਆਪਣੇ ਘਰਾਂ ਵਿੱਚ ਕੀਰਤਨ ਕਰਵਾ ਕੇ ਸਨਮਾਨ ਦਿੱਤਾ। ਰੂਪਨ ਭੈਣ ਜੀ ਅਤੇ ਵੀਰ ਸਤਿੰਦਰ ਮੋਹਨ ਸਿੰਘ ਤਾਂ ਦੋ ਸੌ ਕਿਲੋਮੀਟਰ ਦੂਰ ਸ਼ਹਿਰ ਨਿਊ ਕਾਸਲ ਵਿੱਚ ਵੀ ਕਰਿਤਨ ਕਰਾਉਣ ਹਿਤ ਲੈ ਕੇ ਗਏ। ਰਸਤੇ ਦਾ ਨਜ਼ਾਰਾ ਮਾਣਨ ਯੋਗ ਸੀ। ਬੀਬੀ ਬਜਿੰਦਰ ਦੁਗਲ ਹੋਰਾਂ ਨੇ ਆਸਟ੍ਰੇਲੀਆ ਦੇ ਸਿੱਖਿਆ ਖੇਤਰ ਤੇ ਚਾਨਣਾ ਪਾਇਆ। ਸ੍ਰ. ਸੁਹਿੰਦਰ ਸਿੰਘ ਤੇ ਗੁਰਕਿਰਨ ਕੌਰ ਵੀ ਬੜੇ ਪਿਆਰ ਵਾਲੀ ਜੋੜੀ ਹੈ। ਇਹਨਾਂ ਦੇ ਘਰ ਰਹਿੰਦਿਆਂ ਇਹਨਾਂ ਦੀ ਪੰਜ ਸਾਲ ਦੀ ਬੱਚੀ ਪੁਨੀਤ ਤਾਂ ਹਰਗੁਨ ਗੀਤ ਸਿੰਘ ਨਾਲ ਘੁਲ ਮਿਲ ਗਈ। ਸੁਹਿੰਦਰ ਸਿੰਘ ਨੇ ਬੱਚਿਆਂ ਨੂੰ ਕੁਆਲਾ ਪਾਰਕ ਦੀ ਸੈਰ ਕਰਾਈ। ਆਸਟਰੇਲੀਆ ਵਿੱਚ ਕਗਾਂਰੂ ਅਤੇ ਕੁਆਲਾ ਪਿਆਰੇ ਸਥਾਨਕ ਪਸ਼ੂ ਹਨ। ਸੁਹਿੰਦਰ ਸਿੰਘ ਦੇ ਸਹੁਰਾ ਸਾਹਿਬ ਡਾ. ਤੇਜਪਾਲ ਸਿੰਘ ਬੜੇ ਵਿਦਵਾਨ ਪੁਰਸ਼ ਹਨ ਉਹ

ਦਿੱਲੀ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਰਹਿ ਚੁਕੇ ਹਨ । ਉਹਨਾਂ ਨੂੰ ਮਿਲ ਕੇ ਬੜੀ ਖੁਸ਼ੀ ਹੋਈ ।

ਸਾਡਾ ਦੂਜਾ ਪੜਾਅ ਵੂਲਗੂਲਗਾ ਸੀ । ਸਨਧੀਰ ਪਾਲ ਨੇ ਟਰੇਨ ਦੀਆਂ ਸੀਟਾਂ ਬੁੱਕ ਕਰਵਾ ਦਿੱਤੀਆਂ ਅਤੇ ਟਰੇਨ ਵਿਚ ਬਿਠਾ ਵੀ ਦਿੱਤਾ । ਟਰੇਨ ਕਾਹਦੀ ਸੀ ਜਿਵੇਂ ਫਾਈਵ ਸਟਾਰ ਹੋਟਲ ਦੀ ਲਾਬੀ ਵਿੱਚ ਬੈਠੇ ਹੋਈਏ । ਬਾਹਰ ਦ੍ਰਿਸ਼ ਵੀ ਕਮਾਲ ਦੇ ਤੇ ਅੰਦਰ ਸਫਾਈ । ਅਜਿਹੇ ਸਮੇਂ ਆਪਣੇ ਆਪ ਤੇ ਸ਼ਰਮ ਵੀ ਆਉਂਦੀ ਹੈ । ਉਹਨਾਂ ਲੋਕਾਂ ਨੂੰ ਸਫਾਈ ਨਾਲ ਕਿੰਨਾ ਪਿਆਰ ਹੈ । ਜਿਹੜੇ ਚੈਕਰ ਟਿਕਟਾਂ ਚੈਕ ਕਰਦੇ ਹਨ ਉਹੀ ਪਲਾਸਟਿਕ ਦੇ ਬੈਗ ਫੜੀ ਹਰ ਘੰਟੇ ਦੋ ਘੰਟੇ ਬਾਦ ਕੂੜਾ ਮੰਗਣ ਆ ਜਾਂਦੇ ਹਨ । ਹਰ ਸਵਾਰੀ ਨੂੰ ਆ ਕੇ ਕਹਿੰਦੇ ਹਨ 'ਗਾਰਬੇਜ ਪਲੀਜ਼' । ਤੁਲਨਾ ਕਰੋ ਆਪਣੇ ਟਿਕਟ ਚੈਕਰਾਂ ਨਾਲ ਅਤੇ ਸਵਾਰੀਆਂ ਨਾਲ । 600 ਕਿਲੋਮੀਟਰ ਦਾ ਸਫਰ 7 ਘੰਟਿਆਂ ਵਿੱਚ ਪਤਾ ਹੀ ਨਾ ਲੱਗਾ ਕਿਵੇਂ ਮੁੱਕ ਗਿਆ ।

ਵੂਲਗੂਲਗਾ ਦੇ ਨੇੜਲੇ ਸਟੇਸ਼ਨ ਤੇ ਗੁਰਦੁਆਰਾ ਕਮੇਟੀ ਦੇ ਸੱਜਣ ਅਤੇ ਮੇਰੇ ਅਜ਼ੀਜ਼ ਰਸ਼ਪਾਲ ਸਿੰਘ ਜੋ ਉਥੇ ਗੁਰਦੁਆਰੇ ਕੀਰਤਨੀਏ ਅਤੇ ਗ੍ਰੰਥੀ ਸੇਵਾ ਨਿਭਾ ਰਹੇ ਹਨ ਲੈਣ ਆਏ ਹੋਏ ਸਨ । ਅਸੀਂ ਰਸ਼ਪਾਲ ਸਿੰਘ ਹੋਰਾਂ ਦੇ ਨਾਲ ਹੀ ਰਹੇ । ਇਹਨਾਂ ਦੀ ਸੁਪਤਨੀ ਜੋ ਐਮ..ਏ. ਅੰਗਰੇਜ਼ੀ ਹੈ ਤੇ ਛੋਟੀ ਬੱਚੀ ਸਾਰੇ ਬੜੇ ਮਿਲਾਪੜੇ ਹਨ । ਇਹਨਾਂ ਨੇ ਬੜਾ ਆਦਰ ਸਤਿਕਾਰ ਦਿੱਤਾ ।

ਵੂਲਗਲਗਾ ਵਿਖੇ ਸਿਖ ਬਹੁਤ ਪੁਰਾਣੇ ਰਹਿ ਰਹੇ ਹਨ । ਬਹੁਤ ਮਲੇਸ਼ੀਆਂ ਤੋ ਗਏ ਹਨ ਇਥੇ ਇਹਨਾਂ ਦੇ ਕੇਲਿਆਂ ਦੇ ਫਾਰਮ ਹਨ । ਪੈਸਾ ਤਾਂ ਹੈ ਪਰ ਇਹ ਕੰਮ ਖੇਤੀਬਾੜੀ ਨਾਲੋਂ ਵੀ ਔਖਾ ਹੈ । ਸੰਗਤਾਂ ਨੇ ਬਹੁਤ ਪਿਆਰ ਕੀਤਾ । ਆਸੇ ਪਾਸੇ ਦੀ ਸੈਰ ਕਰਾਈ । ਇਥੇ ਕੀਰਤਨ ਤਾਂ ਅਸੀਂ ਦੋ ਦਿਨ ਹੀ ਕਰ ਸਕੇ ।

ਵੂਲਗੂਲਗਾ ਦੇ ਗੁਰਦੁਆਰਾ ਸਾਹਿਬ ਦੀ ਇਮਾਰਤ ਬੜੀ ਖੂਬਸੂਰਤ ਹੈ । ਇਥੇ ਨੇੜੇ ਹੀ ਸ੍ਰ. ਸਲਿੰਦਰ ਸਿੰਘ ਦਾ ਹੋਟਲ 'ਰਾਜ ਮਹਿਲ' ਹੈ । ਇਹ ਹੋਟਲ ਦੇ ਨਾਲ ਨਾਲ ਇੱਕ ਸਿੱਖ ਮਿਊਜ਼ਮ ਵੀ ਹੈ । ਇਥੇ ਦੀਆਂ ਨਾਯਾਬ ਚੀਜ਼ਾਂ ਵੇਖਣ ਯੋਗ ਹਨ । ਵੂਲਗੂਲਗਾ ਦਾ ਗੁਰਦੁਆਰਾ ਅਤੇ ਹੋਟਲ ਇਤਨੇ ਮਹੱਤਵਪੂਰਨ ਹਨ ਕਿ ਸਰਕਾਰ ਨੇ ਇਹਨਾਂ ਨੂੰ ਸੈਲਾਨੀਆਂ ਲਈ ਨਕਸ਼ੇ ਉਪਰ ਵੀ ਸੰਕੇਤਤ ਕੀਤਾ ਹੋਇਆ ਹੈ । ਇਥੋਂ ਦੇ ਗਿਆਨੀ ਤੇਜਾ ਸਿੰਘ, ਸ੍ਰ. ਨਸੀਬ ਸਿੰਘ ਅਤੇ ਸ੍ਰ. ਭੁਪਿੰਦਰ ਸਿੰਘ ਦੇ ਨਾਮ ਮੈਨੂੰ ਯਾਦ ਆ ਰਹੇ ਹਨ ।

ਤੀਜਾ ਪੜਾਅ ਸਾਡਾ ਗੋਲਡ ਕੋਸਟ ਅਤੇ ਬਰਿਸਬੇਨ ਸੀ । ਇਥੇ ਅਸੀਂ ਭੈਣ ਜੀ ਕੁਲਦੀਪ ਕੌਰ ਅਤੇ ਡਾ. ਕੇਵਲ ਸਿੰਘ ਬੰਸੀ ਦੇ ਵਿਸ਼ੇਸ਼ ਪਿਆਰ, ਸਤਿਕਾਰ ਤੇ ਉਦਮ ਸਦਕਾ ਹੀ ਪੁੱਜ ਸਕੇ । ਆਸਟੇਰੀਲੀਆ ਵਿੱਚ ਇਹ ਸ਼ਹਿਰ ਬਹੁਤ ਦੂਰ ਹਨ । ਸਿਡਨੀ ਤੋਂ ਗੋਲਡ ਕੋਸਟ ਪੁਜਣਾ ਸਾਡੇ ਲਈ ਬੜਾ ਮੁਸ਼ਕਲ ਸੀ । ਡਾ. ਕੇਵਲ ਸਿੰਘ ਹੋਰਾਂ ਦਾ ਪਰਿਵਾਰ ਸਿੰਘਾਪੁਰ ਤੋਂ ਹੈ । ਇਹਨਾਂ ਦਾ ਜਨਮ ਸਿੰਘਾਪੁਰ ਹੀ ਹੋਇਆ । ਇਹਨਾਂ ਦੇ ਪਿਤਾ ਸ੍ਰ. ਨਿਰੰਜਨ ਸਿੰਘ ਬੰਸੀ ਬੜੇ ਸੁਝਵਾਨ, ਚੇਤੰਨ ਤੇ ਸਰੀਰਕ ਤੌਰ ਤੇ ਤੰਦਰੁਸਤ ਇਨਸਾਨ ਹਨ । ਭਾਵੇਂ ਇਹਨਾਂ ਦੀ ਉਮਰ 92 ਸਾਲ ਦੀ ਹੈ । ਇਹਨਾਂ ਦੀਆਂ ਦਿਲਚਸਪ ਗਲਾਂ ਘੰਟਿਆਂ ਬੱਧੀ ਸੁਣੀਆਂ ਜਾ ਸਕਦੀਆਂ ਹਨ । ਕੇਵਲ ਸਿੰਘ ਹੋਰਾਂ ਦੀ ਪੁੱਤਰੀ ਸਿਮਰਨ ਡਾਕਟਰ ਹੈ ਅਤੇ ਉਹਨਾਂ ਦਾ ਪੱਤਰ ਪ੍ਰਿਤਪਾਲ ਐਮ.ਬੀ.ਬੀ. ਐਸ. ਕਰ ਰਿਹਾ ਹੈ । ਭਾਵੇਂ ਉਹ ਵੀ ਜੰਮਪਲ ਵਿਦੇਸ਼ ਦਾ ਹੈ ਪਰ ਸਿਖੀ ਵਿੱਚ ਪਿਆਰ ਜਾਗ ਰਿਹਾ ਹੈ । ਪ੍ਰਿਤਪਾਲ ਪਿਛਲੇ ਸਾਲ ਆਪਣੇ ਪੁਰਖਿਆਂ ਦੀ ਧਰਤੀ ਵੇਖਣ ਭਾਰਤ ਆਇਆ ਸੀ । ਇਹਨਾਂ ਦੀ ਛੋਟੀ ਬੇਟੀ ਖੁਸ਼ਪਾਲ ਬਾਰ੍ਹਵੀ ਕਰ ਰਹੀ ਹੈ ਉ ਬੜੀ ਸੁਘੜ ਹੈ ਅਤੇ ਗੁਰਮਤ ਵਿੱਚ ਦਿਲਚਸਪੀ ਰਖਦੀ ਹੈ । ਜਿੰਨੇ ਦਿਨ ਅਸੀਂ ਕੁਲਦੀਪ ਕੌਰ ਹੋਰਾਂ ਦੇ ਘਰ ਰਹੇ ਆਸਾ ਦੀ ਵਾਰ ਦਾ ਕੀਰਤਨ ਰਲ ਮਿਲ ਕੇ ਕਰਦੇ । ਸ੍ਰ. ਪਰਵਿੰਦਰਜੀਤ ਸਿੰਘ ਤਬਲਾ ਵਜਾਂਦੇ ਤੇ ਬੀਬੀ ਕੁਲਦੀਪ ਕੌਰ ਰੋਮਨ ਅਖਰਾਂ ਵਾਲੀ ਆਸਾ ਦੀ ਵਾਰ ਦਾ ਗਾਇਨ ਮੇਰੇ ਨਾਲ ਕਰਦੀ । ਉਹਨਾਂ ਦੀ ਤੋਤਲੀ ਪੰਜਾਬੀ ਬੜੀ ਪਿਆਰੀ ਲਗਦੀ । ਵਾਹਿਗੁਰੂ ਇਹਨਾਂ ਦੀ ਲਗਨ ਨੂੰ ਫਲ ਜ਼ਰੂਰ ਲਾਵੇਗਾ ।

ਸਾਡਾ ਚੌਥਾ ਪੜਾਅ ਐਡੀਲੇਡ ਸੀ । ਐਡੀਲੇਡ ਬਰਿਸ ਬੇਨ ਤੋਂ ਚਾਰ ਘੰਟੇ ਹਵਾਈ ਜ਼ਹਾਜ ਦੇ ਸਫਰ ਦੀ ਦੂਰੀ ਹੈ । ਆਸਟਰੇਲੀਆ ਵਿੱਚ ਸ਼ਹਿਰ ਵਿਰਲੇ-ਵਿਰਲੇ ਹਨ । ਰਕਬਾ ਭਾਰਤ ਨਾਲੋਂ ਵਧ ਤੇ ਅਬਾਦੀ ਪੰਜਾਬ ਨਾਲੋਂ ਵੀ ਘਟ । ਐਡੀਲੇਡ ਵਿਖੇ ਟੀ. ਨਰਿੰਦਰਪਾਲ ਸਿੰਘ ਹੋਰਾਂ ਦੀਆਂ ਭੈਣਾਂ ਡਾ. ਕੁਲਵੰਤ ਕੌਰ ਅਤੇ ਪਰਵੀਨ ਕੌਰ, ਭਰਾ ਹਰਿੰਦਰ ਪਾਲ ਸਿੰਘ ਸਾਡੀ ਉਡੀਕ ਕਰ ਰਹੇ ਸਨ । ਉਹਨਾਂ

ਦੇ ਪਤੀ ਡਾ. ਜਗਜੀਤ ਸਿੰਘ ਪਰਧਾਨ ਬੜੇ ਪਿਆਰੇ ਅਤੇ ਸਿਆਣੇ ਇਨਸਾਨ ਹਨ । ਇਹਨਾਂ ਦੇ ਪਰਿਵਾਰ ਵਿੱਚੋਂ ਇਹਨਾਂ ਦੇ ਇੱਕ ਭਰਾ ਯੂਨੀਵਰਸਿਟੀ ਵਿੱਚ ਡੀਨ ਅਤੇ ਦੂਜੇ ਭਰਾ ਬੇਅੰਤ ਸਿੰਘ ਪ੍ਰਧਾਨ ਆਰਕੀਟੈਕ ਹਨ ਪਰ ਪੰਜਾਬੀ ਵਿੱਚ ਉਹਨਾਂ ਨੂੰ ਕਹਾਣੀਕਾਰ ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ । ਜਗਜੀਤ ਜੀ ਭਾਵੇਂ ਬੜੇ ਮਸਰੂਫ ਹਨ ਪਰ ਉਹਨਾਂ ਸਾਡੇ ਲਈ ਭਰਪੂਰ ਸਮਾਂ ਕਢਿਆ । ਦੋਵੇਂ ਪਤੀ-ਪਤਨੀ ਹਰ ਰੋਜ਼ ਗੁਰਦੁਆਰੇ ਜਾਂਦੇ ਰਹੇ ਅਤੇ ਬੜੇ ਪ੍ਰੇਮ ਨਾਲ ਸਾਡਾ ਸਾਰੇ ਪਰਿਵਾਰ ਦਾ ਧਿਆਨ ਰੱਖਦੇ ਰਹੇ । ਬੱਚਿਆਂ ਨਾਲ ਉਹਨਾਂ ਨਾਲ ਬਹੁਤ ਪਿਆਰ ਪੈ ਗਿਆ । ਵੀਰ ਹਰਿੰਦਰਪਾਲ ਸਿੰਘ , ਭੈਣ ਰਵੀਨ ਅਤੇ ਪੁੱਤਰ ਰੋਹਿਨ ਬੜਾ ਪਿਆਰਾ ਪਰਿਵਾਰ ਹੈ । ਸਾਰਾ ਪਰਿਵਾਰ ਬੜਾ ਸੁਘੜ । ਸਾਰੇ ਹਰ ਪ੍ਰਕਾਰ ਨਾਲ ਸੇਵਾ ਕਰਨ ਵਾਲੇ । ਐਡੀਲੇਡ ਦੀਆਂ ਸਾਰੀਆਂ ਘਟਨਾਵਾਂ ਦਾ ਸਟੇਅਰਿੰਗ ਭੈਣ ਜੀ ਪਰਵੀਨ ਕੌਰ ਦੇ ਹੱਥ ਸੀ । ਇਹਨਾਂ ਦੇ ਪ੍ਰਬੰਧਕੀ ਗੁਣਾਂ ਕਾਰਨ ਸਾਰੀ ਸੰਗਤ ਇਹਨਾਂ ਵੱਲ ਹੀ ਵੇਖਦੀ ਰਹਿੰਦੀ ਹੈ । ਭਾਵੇਂ ਗੁਰਦੁਆਰੇ ਵਿੱਚ ਵਿੱਚ ਪ੍ਰਧਾਨ ਵੀ ਹਨ ਸਕੱਤਰ ਵੀ ਹਨ ਪਰ ਕਿਸੇ ਕੰਮ ਦੀ ਗੱਲ ਕਰਨੀ ਹੋਵੇ ਤਾਂ ਸਲਾਹ ਪ੍ਰਵੀਨ ਜੀ ਕੋਲੋਂ ਲੈਣੀ ਪੈਂਦੀ ਹੈ । ਇਹਨਾਂ ਦੇ ਪਤੀ ਮਿਸਟਰ ਸਕਵਾਇਰ ਵੀ ਇਹਨਾਂ ਦੇ ਅਜਿਹੀ ਸੇਵਾ ਕਰਨ ਤੇ ਸਗੋਂ ਖੁਸ਼ ਹੁੰਦੇ ਹਨ । ਵਾਹਿਗੁਰੂ ਇਹਨਾਂ ਪਰਿਵਾਰਾਂ ਨੂੰ ਖੁਸ਼ੀਆਂ ਖੇੜੇ ਬਖਸ਼ੇ । ਐਡੀਲੇਡ ਵਿਖੇ ਦਇਆ ਸਿੰਘ ਜਿਹੇ ਪ੍ਰਸਿਧ ਕੀਰਤਨੀਏ ਨੇ ਵੀ ਸਾਨੂੰ ਪਿਆਰ ਦਿੱਤਾ । ਸ੍ਰ. ਚਰਨ ਸਿੰਘ ਹੋਰੀ ਸਿਆਣੇ ਤਬਲਾ ਵਾਦਕ ਹਨ । ਬੜੀ ਦੇਰ ਬਾਦ ਮੈਂ ਪੁਰਾਤਨ ਰੀਤਾਂ ਅਨੁਸਾਰ ਕੀਰਤਨ ਕੀਤਾ । ਸ੍ਰ. ਅਮਰਜੀਤ ਸਿੰਘ ਬੰਦੇਸ਼ੀ, ਪ੍ਰੋ. ਆਹਲੂਵਾਲੀਆ, ਪੁਸ਼ਪਿੰਦਰ ਸਿੰਘ ਜਿਹੇ ਸਿਆਣੇ ਸਜਣਾਂ ਨੂੰ ਕਲਾਸੀਕਲ ਕੀਰਤਨ ਸੁਣਾ ਕੇ ਆਨੰਦ ਆਇਆ । ਇਥੋਂ ਦੇ ਦੂਸਰੇ ਗੁਰਦੁਆਰੇ ਵਾਲਿਆਂ ਨੇ ਵੀ ਕੀਰਤਨ ਕਰਨ ਦਾ ਮੌਕਾ ਦੇ ਕੇ ਨਿਵਾਜਿਆ ।

ਆਸਟੇਰਲੀਆ ਵਿਖੇ ਆਖਰੀ ਅਤੇ ਪੰਜਵਾਂ ਪੜਾਅ ਪਰਥ ਸੀ । ਇਥੇ ਮੇਰੇ ਪਰਮ ਮਿੱਤਰ ਅਮਰਜੀਤ ਸ਼ਾਹ ਸਿੰਘ ਰਹਿ ਰਹੇ ਹਨ । ਉਹਨਾਂ ਦੀ ਪਤਨੀ ਬੀਬੀ ਅਮਰਜੀਤ ਕੌਰ ਅਤੇ ਬੱਚੇ ਬੜੀ ਸਿਦਤ ਨਾਲ ਸਾਡੀ ਉਡੀਕ ਕਰ ਰਹੇ ਸਨ । ਹਵਾਈ ਅੱਡੇ ਤੇ ਸਾਨੂੰ ਲੈਣ ਲਈ ਸ੍ਰ. ਨਰਮੀਤ ਸਿੰਘ ਅਤੇ ਸ੍ਰ. ਬਲਦੇਵ ਸਿੰਘ ਸਮੇਤ ਪਰਿਵਾਰ ਲੈਣ ਲਈ ਆਏ ਹੋਏ ਸਨ । ਇਥੇ ਆ ਕੇ ਪਤਾ ਲੱਗਾ ਕਿ ਸਾਡੇ ਪੁਰਾਣੇ ਮਿਹਰਬਾਨ ਸ੍ਰ. ਬਲਵੰਤ ਸਿੰਘ ਗੁਰਦੁਆਰਾ ਸ਼ੈਫਰਡ ਬੁਸ਼ ਲੰਡਨ ਦੇ ਸਾਬਕਾ ਸਕੱਤਰ ਵੀ ਅੱਜਕਲ ਇਥੇ ਹੀ ਹਨ । ਇਥੇ ਹੀ ਸ੍ਰ. ਜਗਜੀਤ ਸਿੰਘ ਨਾਲ ਜੋ ਟੀ. ਨਰਿੰਦਰਪਾਲ ਸਿੰਘ ਹੋਰਾਂ ਦੇ ਜੀਜਾ ਜੀ ਕਰਨਲ ਪਾਲ ਹੋਰਾਂ ਦੇ ਭਰਾਤਾ ਹਨ ਵੀ ਮਿਲੇ । ਇਹਨਾਂ ਦੀ ਸੁਪਤਨੀ-ਤਹਿਰਾਨ ਵਿਖੇ ਰਹਿ ਰਹੇ ਵੀਰ ਕਰਮਜੀਤ ਸਿੰਘ ਜਿਹਨਾਂ ਕੋਲ ਅਸੀਂ ਪਿਛਲੇ ਸਾਲ ਗਏ ਸਾਂ - ਦੀ ਭੈਣ ਹੈ । ਵਿਦੇਸ਼ ਵਿੱਚ ਅਜਿਹੇ ਮੌਕਾ-ਮੇਲ ਬੜਾ ਆਨੰਦ ਦਿੰਦੇ ਹਨ ਤੇ ਸਫਰ ਨੂੰ ਰੋਚਕ ਬਣਾ ਦਿੰਦੇ ਹਨ । ਵੀਰ ਅਮਰਜੀਤ ਸ਼ਾਹ ਸਿੰਘ ਹੋਰਾਂ ਦਾ ਤਾਂ ਸਾਰਾ ਪਰਿਵਾਰ ਜਿਵੇਂ ਸਾਨੂੰ ਹੀ ਸਮਰਪਿਤ ਸੀ । ਪਰ ਇਥੇ ਸਰਜੀਤ ਸਿੰਘ, ਸਤਜੀਤ ਸਿੰਘ, ਬੀਬੀ ਕਿਰਨ, ਸ੍ਰ. ਸਰਬਜੀਤ ਸਿੰਘ ਪੰਨੂ, ਅਮਰਜੀਤ ਕੌਰ ਪੰਨੂ ਆਦਿ ਪਿਆਰੀਆਂ ਸ਼ਖਸ਼ੀਅਤਾਂ ਨਾਲ ਮੇਲ ਹੋਇਆ । ਇਹਨਾਂ ਦਿਨਾਂ ਵਿੱਚ ਭਾਈ ਰਜਿੰਦਰ ਸਿੰਘ ਇੰਗਲੈਂਡ ਅਤੇ ਭਾਈ ਜਸਬੀਰ ਸਿੰਘ ਮਲੇਸ਼ੀਆਂ ਵਾਲਿਆਂ ਦਾ ਕੀਰਤਨੀ ਜਥਾ ਵੀ ਪੁੱਜਾ ਹੋਇਆ ਸੀ । ਬੜਾ ਪ੍ਰਭਾਵਸ਼ਾਲੀ ਕੀਰਤਨ ਕਰਦੇ ਹਨ । ਇਹਨਾਂ ਦੇ ਦਰਸ਼ਨ ਵੀ ਸੁਭਾਗ ਹੀ ਸਮਝੋ । ਪਰਥ ਵਿਖੇ ਵੀਰ ਅਮਰਜੀਤ ਸਿੰਘ ਨੇ ਵੇਖਣ ਯੋਗ ਸਥਾਨਾਂ ਦੇ ਦਰਸ਼ਨ ਕਰਵਾਏ ।

30 ਜੂਨ ਨੂੰ ਭਰੇ ਮਨ ਨਾਲ ਆਸਟਰੇਲੀਆਂ ਤੋਂ ਵਾਪਸ ਚਲ ਪਏ । ਰਾਹ ਵਿੱਚ ਸਿੰਘਾਪੁਰ ਪੰਜ ਦਿਨ ਠਹਿਰੇ ਤੇ ਫਿਰ ਚੰਡੀਗੜ । ਆਸਟੇਰਲੀਆ ਵਿੱਚ ਰਹਿੰਦੇ ਸੱਜਣ ਇਤਨੇ ਚੰਗੇ ਹਨ ਕਿ ਉਹਨਾਂ ਨੂੰ ਫਿਰ ਮਿਲਣ ਨੂੰ ਦਿਲ ਕਰਦਾ ਹੈ । ਬਹੁਤ ਸਾਰਿਆਂ ਦਾ ਜ਼ਿਕਰ ਰਹਿ ਗਿਆ ਹੈ । ਫਿਰ ਕਦੀ ਉਥੋਂ ਦੇ ਗੁਰਦੁਆਰਿਆਂ ਬਾਰੇ, ਕੀਰਤਨੀਆਂ ਬਾਰੇ, ਸਿਖਾਂ ਦੇ ਕੰਮ ਕਿਤਿਆਂ ਬਾਰੇ ਵਿਸਥਾਰ ਸਹਿਤ ਲਿਖਣ ਦਾ ਜਤਨ ਕਰਾਂਗੇ ।

ਅੰਮ੍ਰਿਤ ਕੀਰਤਨ ਟ੍ਰਸਟ ਵੂਲਗੁਲਗਾ ਗੁਰਦੁਆਰਾ ਕਮੇਟੀ, ਐਡੀਲੇਡ ਗੁਰਦੁਆਰਾ ਕਮੇਟੀ, ਪਰਥ ਗੁਰਦੁਆਰਾ ਕਮੇਟੀ ਅਤੇ ਪ੍ਰੋ. ਰਸ਼ਪਾਲ ਸਿੰਘ, ਸ੍ਰ. ਬਹਾਲ ਸਿੰਘ, ਸ੍ਰ. ਅਮਰਜੀਤ ਸ਼ਾਹ ਸਿੰਘ ਦਾ !ਵਿਸ਼ੇਸ਼ ਤੌਰ ਤੇ ਧੰਨਵਾਦੀ ਹੋ ਇਹਨਾਂ ਨੇ 'ਅੰਮ੍ਰਿਤ ਕੀਰਤਨ' ਦੇ ਅਨੇਕਾਂ ਮੈਂਬਰ ਬਣਾਏ

# ਧਿਆਨ ਧਰ ਕੇ ਬੋਲੋ ਜੀ 'ਵਾਹਿਗੁਰੂ !'

ਡਾ. ਜਸਵੰਤ ਸਿੰਘ ਨੇਕੀ

ਸੰਗਤ ਵਿਚ ਅਰਦਾਸੀਆ ਸਿੰਘ ਸਾਰੀ ਸੰਗਤ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਖੜੋ ਕੇ ਅਰਦਾਸ ਕਰਦਾ ਹੈ । ਸਾਰੀ ਸੰਗਤ ਉਸ ਦੇ ਪਿੱਛੇ ਖ਼ਾਮੋਸ਼ ਖੜੀ ਇਸ ਅਰਦਾਸ ਵਿਚ ਧਿਆਨ ਰਾਹੀਂ ਸ਼ਾਮਿਲ ਹੋਂਦੀ ਹੈ । ਇਕਾ-ਇਕ ਆਪਣੀ ਆਵਾਜ਼ ਉਚੀ ਕਰ ਕੇ ਅਰਦਾਸੀਆ ਹੋਕਾ ਜਿਹਾ ਦੇਂਦਾ ਹੈ :"....ਧਿਆਨ ਧਰ ਕੇ ਬੋਲੋ ਜੀ'ਵਾਹਿਗੁਰੂ !'" ਤਦ ਸਾਰੀ ਸੰਗਤ ਉਚੀ ਆਵਾਜ਼ ਵਿਚ, ਇਕਸੁਰ ਹੋ ਕੇ, 'ਵਾਹਿਗੁਰੂ !' ਬੋਲ ਦਾ ਉਚਾਰਨ ਕਰ ਅਰਦਾਸੀਏ ਦੇ ਹੋਕੇ ਦਾ ਹੁੰਗਾਰਾ ਭਰਦੀ ਹੈ । ਇਸ ਤਰ੍ਹਾਂ ਦਾ ਅਮਲ ਪੂਰੀ ਅਰਦਾਸ ਦੇ ਦੌਰਾਨ ਕਈ ਵਾਰ ਹੋਂਦਾ ਹੈ । ਇਸ ਦਾ ਕੀ ਮਹੱਤਵ ਹੈ ?

ਮੁਖ ਤੌਰ ਤੇ ਇਹ ਬੋਲ ਅਰਦਾਸ ਕਰਨ ਵਾਲਿਆਂ ਨੂੰ ਸਾਵਧਾਨਤਾ ਦੀ ਚੇਤਾਉਨੀ ਦੇਂਦੇ ਹਨ । ਅਰਦਾਸ, ਅਸਲੋਂ ਸਾਵਧਾਨਤਾ ਦੀ ਕਿਰਿਆ ਹੈ । ਜਿਸ ਦਾ ਮਨ ਸਾਵਧਾਨ ਨਹੀਂ ਉਹ ਤਾਂ ਅਰਦਾਸ ਵਿਚੋਂ ਗ਼ੈਰ-ਹਾਜ਼ਰ ਹੈ । ਪਰ, ਅਰਦਾਸ ਵਿਚ ਤਾਂ ਹਾਜ਼ਰ ਹੋਣਾ ਲਾਜ਼ਮ ਹੈ । ਇਸੇ ਲਈ ਬਾਰ ਬਾਰ 'ਵਾਹਿਗੁਰੂ' ਬੁਲਵਾ ਕੇ ਇਹ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਅਰਦਾਸ ਪੂਰੇ ਮਨ ਨਾਲ ਕਰਨੀ ਹੈ, ਅੱਧੇ ਮਨ ਨਾਲ ਵੀ ਨਹੀਂ । ਪੂਰੀ ਤਰ੍ਹਾਂ ਜੁੜ ਕੇ ਕਰਨੀ ਹੈ ।

ਜੁੜਨਾ ਕਿਸ ਨਾਲ ਹੈ ?- ਆਪਣੇ ਇਸ਼ਟ ਦੇਵ ਨਾਲ, ਗੁਰ ਕੇ ਸ਼ਬਦ ਨਾਲ, ਕਮਾਈ ਵਾਲਿਆਂ ਦੀ ਕਮਾਈ ਨਾਲ, ਸ਼ਹੀਦਾਂ ਦੀ ਸ਼ਹਾਦਤ ਨਾਲ, ਸਿਦਕ ਦੇ ਸ੍ਰੋਤ ਧਰਮ-ਅਸਥਾਨਾਂ ਨਾਲ, ਤੇ ਅਰਦਾਸ ਵਿਚ ਜੁੜਨ ਵਾਲੇ ਸਰਬੱਤ ਖ਼ਾਲਸਾ ਜੀ ਨਾਲ । ਅਰਦਾਸ ਵਿਚ "ਬੋਲੋ ਜੀ 'ਵਾਹਿਗੁਰੂ !' " ਦੇ ਆਵਾਜ਼ੇ ਦਾ ਬਾਰ ਬਾਰ ਵਾਪਰਨਾ ਸਿਲਸਿਲੇਵਾਰ ਸਾਨੂੰ ਆਤਮਕ ਸ਼ਕਤੀ ਦੇ ਇਹਨਾਂ ਸ੍ਰੋਤਾਂ ਨਾਲ ਜੁੜਨ ਦੀ ਲਲਕਾਰ ਪਾਉਂਦਾ ਹੈ ।

"ਬੋਲੋ ਜੀ 'ਵਾਹਿਗੁਰੂ !' " ਤੋਂ ਪਹਿਲਾਂ "ਧਿਆਨ ਧਰ ਕੇ" ਦੀ ਸਦਾਅ ਦੇ ਕੇ ਅਰਦਾਸੀਆ ਸਾਨੂੰ ਗਿਆਤ ਕਰਾਉਂਦਾ ਹੈ ਕਿ ਅਰਦਾਸ ਅਸਲੋਂ ਧਿਆਨ ਦੀ ਪ੍ਰਕਿਰਿਆ ਹੈ । ਇਹ ਧਿਆਨ ਹੈ ਕੀ ? ਇਹ ਭਗਤੀ ਦੀ ਭੂਮੀ ਹੈ । ਆਪਣੇ ਧਿਏਇ ਉਪਰ ਸੁਰਤ ਦੇ ਇਕ ਟਕ ਕੇਂਦ੍ਰਿਤ ਕਰਨ ਦਾ ਨਾਮ ਧਿਆਨ ਹੈ । ਭਗਤ ਨਾਮਦੇਵ ਜੀ ਧਿਆਨ ਬਾਰੇ ਕਹਿੰਦੇ ਹਨ : "ਜਿਵੇਂ ਹਿਰਨ ਘੰਡਾ ਹੇੜੇ ਦੀ ਅਵਾਜ਼ ਸੁਣ ਕੇ ਅਪਣਾ ਆਪ ਭੁਲਾ ਦੇਂਦਾ ਹੈ, ਇਤਨਾ ਕਿ ਅਪਣੀ ਜਾਨ ਤਕ ਦੇ ਦੇਂਦਾ ਹੈ ਪਰ ਨਾਦ ਦਾ ਧਿਆਨ ਨਹੀਂ ਛੋੜਦਾ; ਜਿਵੇਂ ਮਛੀਆ ਪਕੜਦਾ ਝੀਵਰ ਆਪਣਾ ਧਿਆਨ ਮਛੀਆਂ ਵਿਚ ਹੀ ਲਾਈ ਰਖਦਾ ਹੈ; ਸੋਨਾ ਘੜਦਿਆਂ ਜਿਵੇਂ ਸੁਨਿਆਰਾ ਸੋਨੇ ਵਲ ਹੀ ਧਿਆਨ ਲਾਈ ਰਖਦਾ ਹੈ; ਜਿਵੇਂ ਵਿਸ਼ਈ ਗਹੁ ਨਾਲ ਪਰ-ਇਸਤ੍ਰੀ ਵਲ ਵੇਖਦਾ ਹੈ; ਜਿਵੇਂ ਜੂਆ ਖੇਡਦਾ ਜੁਆਰੀਆ ਕੌਡਾਂ ਸੁੱਟ ਕੇ ਪਾਸੇ ਦਾ ਧਿਆਨ ਕਰਦਾ ਹੈ, ਉਵੇਂ, ਹੇ ਰਾਮ, ਮੈਂ ਤੇਰਾ ਧਿਆਨ ਕਰਾਂ, ਤੇ ਬਿਨਾ ਤੇਰੇ ਹੋਰ ਕਿਸੇ ਨੂੰ ਵੀ ਚਿਤ ਨਾ ਲਿਆਵਾਂ ।"

ਅਰਦਾਸ, ਐਸੇ ਹੀ ਧਿਆਨ ਦੀ ਵਿਸ਼ੇਸ਼ ਅਧਿਆਤਮਕ ਪ੍ਰਕਿਰਿਆ ਹੈ । ਸਿਖ ਧਰਮ ਦੇ ਅਭਿਆਸ ਪੱਖ ਵਿਚ ਧਿਆਨ ਦਾ ਬੜਾ ਮੁਖ ਸਥਾਨ ਹੈ । ਸਿਖ ਪਰਿਭਾਸ਼ਾ ਵਿਚ ਧਿਆਨ ਨੂੰ ਲਿਵ ਭੀ ਆਖਿਆ ਜਾਂਦਾ ਹੈ । ਗੁਰਮਤਿ ਵਿਚਾਰਧਾਰਾ ਨੇ 'ਲਿਵ' ਤੇ 'ਧਾਤ' ਦੋ ਦੋ ਰਾਹ ਮੰਨੇ ਹਨ । 'ਧਾਤ' ਮਾਇਆ ਦਾ ਰਾਹ ਹੈ 'ਲਿਵ' ਨਾਮ ਦਾ ਮਾਰਗ । ਧਾਤ, ਮਾਦਾਪ੍ਰਸਤੀ ਦੀ ਤੇ ਲਿਵ ਖ਼ੁਦਾਪ੍ਰਸਤੀ ਦੀ ਧਾਰਨਾ ਹੈ । ਸਿੱਖੀ ਦਾ ਮਾਰਗ , ਲਿਵ ਦਾ ਮਾਰਗ ਹੈ । ਇਸ ਵਿਚ ਲਿਵ-ਵਿਹੀਣ ਜ਼ਿੰਦਗੀ ਨੂੰ ਵਿਅਰਥ ਮੰਨਿਆ ਜਾਂਦਾ ਹੈ । "ਧਿਆਨ ਧਰ ਕੇ" 'ਵਾਹਿਗੁਰੂ !' ਬੋਲਣ ਦਾ ਆਦੇਸ਼, ਅਸਲ ਵਿਚ ਲਿਵ ਲਾਉਣ ਦਾ ਹੀ ਸੰਕੇਤ ਹੈ । ਕੇਵਲ ਲਿਵ ਰਾਹੀਂ, ਮਾਇਆ ਵਿਚ ਰਹਿੰਦਿਆਂ ਵੀ ਪ੍ਰਮਾਰਥ ਦੀ ਪ੍ਰਾਪਤੀ ਹੋ ਸਕਦੀ ਹੈ :

> ਕਹੈ ਨਾਨਕੁ, ਗੁਰਪਰਸਾਦੀ ਜਿਨਾ ਲਿਵ
> ਲਾਗੀ ਤਿਨੀ ਵਿਚੇ ਮਾਇਆ ਪਾਇਆ ।
>
> - ਰਾਮਕਲੀ ਮ:੩(921/5)

" ਬੋਲੋ ਜੀ 'ਵਾਹਿਗੁਰੂ' !' " ਦਾ ਆਵਾਜ਼ਾ ਕੇਵਲ ਚੇਤੰਨ ਹੀ ਨਹੀਂ ਕਰਦਾ ਤੇ ਧਿਆਨ ਵਿਚ ਹੀ ਨਹੀਂ ਜੋੜਦਾ, ਸਿਮਰਨ ਦਾ ਅਭਿਆਸ ਹੀ ਕਰਾਉਂਦਾ ਹੈ । 'ਵਾਹਿਗੁਰੂ' ਸਾਡਾ ਗੁਰਮੰਤ੍ਰ ਹੈ, ਤੇ ਗੁਰਮੰਤ੍ਰ ਦੇ ਜਾਪ ਦਾ ਹਰ ਸਿਖ ਨੂੰ ਆਦੇਸ਼ ਹੈ । ਉਸ ਨੂੰ ਤਾਂ ਉਠਦਿਆਂ ਬੈਠਦਿਆਂ, ਕਿਰਤ ਵਿਰਤ ਕਰਦਿਆਂ ਵਾਹਿਗੁਰੂ ਨੂੰ ਚੇਤੇ ਰਖਣ ਦਾ ਆਦੇਸ਼ ਹੈ । ਸਿਮਰਨ ਤਾਂ ਸਾਡੀ ਰਹਿਤ ਦਾ ਮੁੱਢ ਹੈ । ਅਰਦਾਸ ਵਿਚ ਜਦ ਅਸੀਂ ਆਖਦੇ ਹਾਂ, "ਸਰਬੱਤ ਖ਼ਾਲਸਾ ਜੀ ਕੋ ਵਾਹਿਗੁਰੂ,

ਵਾਹਿਗੁਰੂ, ਵਾਹਿਗੁਰੂ ਚਿਤ ਆਵੇ" ਤਾਂ ਸਿਮਰਨ ਦੀ ਪ੍ਰਯੁੱਕਤਾ ਕੇਵਲ ਆਪਣੇ ਲਈ ਨਹੀਂ, ਸਰਬੱਤ ਖ਼ਾਲਸਾ ਜੀ ਲਈ, ਪੂਰੇ ਬੱਲ ਨਾਲ ਮੰਗ ਰਹੇ ਹੁੰਦੇ ਹਾਂ । ਇਤਨਾ ਹੀ ਨਹੀਂ, ਇਸ ਤੋਂ ਅੱਗੇ ਅਸੀਂ ਇਹ ਵੀ ਮੰਗਦੇ ਹਾਂ ਕਿ ਹੇ ਵਾਹਿਗੁਰੂ ਦਾਤਾਰ ਜੀ 'ਸੋਈ ਪਿਆਰੇ ਮੇਲਣੇ ਜਿਨ੍ਹਾਂ ਮਿਲਿਆ ਵਾਹਿਗੁਰੂ ਨਾਮ ਚਿਤ ਆਵੇ ।'

ਅਸੀਂ ਇਸ ਸਿਮਰਨ ਦਾ ਕੇਵਲ ਦਾਨ ਹੀ ਨਹੀਂ ਮੰਗਦੇ, ਬਾਰ ਬਾਰ 'ਵਾਹਿਗੁਰੂ ! ਵਾਹਿਗੁਰੂ !!' ਆਖ ਕੇ ਇਸ ਸਿਮਰਨ ਦਾ ਅਭਿਆਸ ਵੀ ਕਰਦੇ ਹਾਂ । ਇਸ ਪੱਖੋਂ "ਬੋਲੋ ਜੀ ਵਾਹਿਗੁਰੂ" ਦਾ ਆਵਾਜ਼ਾ ਕੇਵਲ ਸਿਮਰਨ-ਰਹਿਤ ਦੀ ਚੇਤਾਵਨੀ ਹੀ ਨਹੀਂ, ਉਸ ਦਾ ਅਭਿਆਸ ਵੀ ਹੈ ।

ਅਰਦਾਸ ਕਰਦਿਆਂ ਅਸੀਂ ਆਪਣੇ ਕੌਮੀ ਵਿਰਸੇ ਦੀਆਂ ਅਦੁੱਤੀ ਪ੍ਰਾਪਤੀਆਂ ਨਾਲ ਜੁੜਦੇ ਹਾਂ । ਹੈਰਾਨ ਹੁੰਦੇ ਹਾਂ ਸਿੱਖੀ ਸਿਦਕ ਦੇ ਸਿਰੜ ਉਤੇ । ਚਕ੍ਰਿਤ ਹੁੰਦੇ ਹਾਂ ਹੱਠੀਆਂ ਦੇ ਹੱਠ ਉਤੇ, ਜਪੀਆਂ ਦੇ ਜਪ ਉਤੇ, ਤਪੀਆਂ ਦੇ ਤਪ ਉਤੇ, ਧਰਮ ਹੇਤ ਸੀਸ ਦੇਣ ਵਾਲਿਆਂ ਦੀ ਪ੍ਰੇਮਾਭਗਤੀ ਉਤੇ । ਵਿਸਮਾਦ ਵਿਚ ਆਉਂਦੇ ਹਾਂ ਆਪਣੀ ਕੌਮ ਦੇ ਕਾਰਨਾਮਿਆਂ ਨੂੰ ਯਾਦ ਕਰ ਕੇ । ਤਦ "ਵਾਹਿਗੁਰੂ !" ਬੋਲ ਕੇ ਇਸ ਵਿਸਮਾਦ ਦਾ ਐਲਾਨ ਕਰਦੇ ਹਾਂ । ਉਸ ਗੁਰ ਨੂੰ "ਵਾਹ !" ਅਥਵਾ "ਮਰਹਬਾ !" ਕਹਿੰਦੇ ਹਾਂ, ਜਿਸ ਦੇ ਪ੍ਰਤਾਪ ਨਾਲ ਸਾਧਾਰਨ ਜ਼ਿੰਦਗੀਆਂ ਏਡੀਆਂ ਮਹਾਨ ਆਤਮਕ ਸਿਖਰਾਂ ਉਤੇ ਜਾ ਅਪੜੀਆਂ ।

ਪੰਜਾਂ ਪਿਆਰਿਆਂ ਨੂੰ ਯਾਦ ਕਰਦੇ ਹਾਂ ਤਾਂ ਆਤਮ-ਸਮਰਪਨ ਦਾ ਭਾਵ ਜਾਗਦਾ ਹੈ । ਚੌਹਾਂ ਸਾਹਿਬਜ਼ਾਦਿਆਂ ਨੂੰ ਯਾਦ ਕਰਦੇ ਹਾਂ ਤਾਂ ਅਲੌਕਿਕ ਦ੍ਰਿੜ੍ਹਤਾ ਦੀ ਪ੍ਰੇਰਨਾ ਮਿਲਦੀ ਹੈ । ਚਾਲੀ ਮੁਕਤਿਆਂ ਨੂੰ ਚੇਤੇ ਕਰਦੇ ਹਾਂ ਤਾਂ ਜੀ ਕਰਦਾ ਹੈ ਅਸੀਂ ਵੀ ਟੁੱਟੀ ਗੰਢਵਾ ਸਕੀਏ । ਬੰਦ ਬੰਦ ਜੁਦਾ ਕਰਵਾਉਣ ਵਾਲਿਆਂ, ਖੋਪਰੀਆਂ ਲੁਹਾਉਣ ਵਾਲਿਆਂ, ਆਰੇ ਨਾਲ ਤਨ ਚਿਰਵਾਉਣ ਵਾਲਿਆਂ ਨੂੰ ਯਾਦ ਕਰਦੇ ਹਾਂ ਤਾਂ ਮਨ ਦ੍ਰਵ ਉਠਦਾ ਹੈ । ਇਉਂ ਜਦ ਅਸੀਂ ਇਹਨਾਂ ਸਭਨਾਂ ਦੀ ਪਵਿੱਤਰ ਕਮਾਈ ਦਾ ਧਿਆਨ ਕਰ ਕੇ "ਵਾਹਿਗੁਰੂ !" ਬੋਲਦੇ ਹਾਂ ਤਾਂ ਇਹ ਬੋਲ ਦ੍ਰਵੇ ਹੋਏ ਮਨ ਦੀ ਪੁਕਾਰ ਬਣ ਕੇ ਨਿਕਲਦੇ ਹਨ ।

ਕਿ ਅਸੀਂ ਵੀ ਐਸੀਆਂ ਮਹਾਨ ਪ੍ਰਾਪਤੀਆਂ ਵਾਲੀ ਕੌਮ ਦੇ ਸਦੱਸ ਹਾਂ; ਕਿ ਇਸ ਕੌਮ ਦੇ ਗੌਰਵ ਦੇ ਸਾਂਝੀਦਾਰ ਅਖਵਾਉਣ ਦਾ ਮਾਣ ਸਾਨੂੰ ਵੀ ਪ੍ਰਾਪਤ ਹੈ, ਇਸ ਵਿਚਾਰ ਤੇ ਸ਼ੁਕਰਾਨੇ ਦੇ ਭਾਵ ਪੈਦਾ ਹੋਂਦੇ ਹਨ । "ਵਾਹਿਗੁਰੂ" ਬੋਲ ਕੇ ਅਸੀਂ ਮਹਿਮਾ ਭਰੇ ਸ਼ੁਕਰਾਨੇ ਦੀ ਆਵਾਜ਼ਾ ਦੇਂਦੇ ਹਾਂ । ਇਉਂ ਇਹਨਾਂ ਬੋਲਾਂ ਰਾਹੀਂ ਇੱਕੋ ਵੇਲੇ ਅਸੀਂ ਕਈ ਭਾਵਨਾਵਾਂ ਦਾ ਪ੍ਰਗਟਾਵਾ ਕਰਦੇ ਹਾਂ-ਵਿਸਮਾਦ ਦਾ, ਮਹਿਮਾ ਦਾ, ਸ਼ੁਕਰਾਨੇ ਦਾ, ਭਗਤੀ ਦਾ, ਦ੍ਰਵੇ ਹੋਏ ਮਨ ਦਾ ।

"ਵਾਹਿਗੁਰੂ !" ਬੋਲ ਕੇ ਅਸੀਂ ਸੌਗੰਦ ਵੀ ਖਾਂਦੇ ਹਾਂ-ਬਚਨ-ਬੱਧਤਾ ਦੀ ! ਆਪਣੇ ਬਿਰਦ ਦੀ ਪਾਲਨਾ ਦੀ, ਜਿਸ ਦੀ ਪੈਜ ਲਈ ਅਸੀਂ ਅਰਦਾਸ ਵਿਚ ਅਰਜ਼ ਗੁਜ਼ਾਰਦੇ ਹਾਂ : 'ਬਿਰਦ ਕੀ ਪੈਜ ਰਹੇ !' ਇਹ ਬਿਰਦ ਕੀ ਹੈ ? 'ਸੰਤਾਂ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ' ਦੀ ਪ੍ਰਤਗਿਆ ਹੈ । "ਵਾਹਿਗੁਰੂ" ਬੋਲ ਇਸ ਪ੍ਰਤਗਿਆ ਦੀ ਸ਼ਪਥ ਹੈ । ਇਸੇ ਵਿਚ ਖ਼ਾਲਸੇ ਦਾ ਬੋਲ ਬਾਲਾ ਹੈ ।

"ਵਾਹਿਗੁਰੂ" ਨੂੰ ਪੁਕਾਰ ਕੇ ਅਸੀਂ ਆਪਣੀ ਅਰਦ ਵਿਚ ਉਸ ਦੀ ਬਖ਼ਸ਼ਿਸ਼ ਨੂੰ ਆਮੰਤ੍ਰਿਤ ਵੀ ਕਰਦੇ ਹਾਂ । ਉਸ ਦੀ ਮਿਹਰਾਮਤ ਨੂੰ ਆਪਣੀਆਂ ਲੋੜਾਂ ਉਪਰ ਬਰਸਣ ਦਾ ਸੱਦਾ ਵੀ ਦੇਂਦੇ ਹਾਂ । ਉਸ ਦੀ ਨਦਰ ਨੂੰ ਸਾਡੇ ਸਿਦਕ ਉਪਰ ਛਾਏ ਰਹਿਣ ਦੀ ਪੁਕਾਰ ਵੀ ਕਰਦੇ ਹਾਂ । "ਵਾਹਿਗੁਰੂ !" ਬੋਲ ਕੇ ਅਸੀਂ ਕੇਵਲ ਆਪਣਾ ਧਿਆਨ ਹੀ ਆਪਣੇ ਵਾਹਿਗੁਰੂ ਵਲ ਨਹੀਂ ਮੋੜਦੇ, ਵਾਹਿਗੁਰੂ ਜੀ ਦੇ ਧਿਆਨ ਨੂੰ ਵੀ ਆਪਣੀ ਅਰਦਾਸ ਵਲ ਪ੍ਰੇਰਦੇ ਹਾਂ ।

"ਵਾਹਿਗੁਰੂ !" ਦਾ ਅਵਾਜ਼ਾ, ਅਰਦਾਸ ਕਰਨ ਵਾਲਿਆਂ ਵਿਚ ਆਤਮਕ ਏਕਤਾ ਦੇ ਭਾਵ ਵੀ ਜਗਾਉਂਦਾ ਹੈ । ਇਸ ਬੋਲ ਨਾਲ ਅਰਦਾਸ-ਕਰਤਾ ਤੇ ਅਰਦਾਸ ਦੇ ਸ੍ਰੋਤਿਆਂ ਵਿਚਾਲੇ ਆਤਮਕ ਸੰਬੰਧ ਮੌਲਦਾ ਹੈ; ਇਕੱਲੇ ਇਕੱਲੇ ਸਿਖ ਤੇ ਸਮੁੱਚੀ ਸੰਗਤ ਵਿਚਲੇ ਵੀ ਇਕ ਪ੍ਰਾਣਧਾਰੀ ਏਕਤਾ ਜਾਗਦੀ ਹੈ । ਜੋ ਜੋ ਪ੍ਰਾਣੀ ਉਚੀ ਆਵਾਜ਼ ਨਾਲ ਇਨ੍ਹਾਂ ਬੋਲਾਂ ਦੀ ਹੁੰਗਾਰ ਭਰਦਾ ਹੈ, ਆਪਣੀ ਆਤਮਾ ਨੂੰ ਸਾਰੀ ਸੰਗਤ ਦੀ ਇਕਾਗਰ ਹੋਈ ਆਤਮਾ ਵਿਚ ਵਿੱਲੀਨ ਕਰਦਾ ਹੈ । ਇਉਂ ਉਹ ਇੱਕ ਅਲੌਕਿਕ ਆਤਮਕ ਏਕਤਾ ਦਾ ਹੁਲਾਰਾ ਮਾਣਦਾ ਹੈ ।

"ਬੋਲੋ ਜੀ ਵਾਹਿਗੁਰੂ" ਦੇ ਬੋਲ, ਇਸ ਨਾਤੇ, ਬੜੇ ਮਹੱਤਵ ਵਾਲੇ ਬੋਲ ਹਨ । ਅਰਦਾਸ ਦੇ ਹਰ ਸ੍ਰੋਤੇ-ਸਾਧਕ ਲਈ ਬਣ ਆਉਂਦਾ ਹੈ ਕਿ ਉਹ ਹਰ ਵਾਰ ਇਸ ਆਵਾਜ਼ੇ ਦਾ ਸਿਦਕ ਨਾਲ ਹੁੰਗਾਰਾ ਭਰੇ । ਅਰਦਾਸੀਏ ਵਲੋਂ ਵਾਹਿਗੁਰੂ ਬੋਲ ਦਾ ਆਮੰਤ੍ਰਣ ਸੁਣ ਕੇ ਵੀ ਜੋ ਚੁਪ ਕਰ ਰਹਿੰਦੇ ਹਨ, ਆਪਣਾ ਧਰਮ ਨਹੀਂ ਨਿਭਾ ਰਹੇ ਹੁੰਦੇ :

ਬੋਲਿ ਸੁ ਧਰਮੀੜਿਆ ਮੋਨਿ ਕਤ ਧਾਰੀ ਰਾਮ ?

-ਬਿਹਾਗੜਾ ਮ: ੫(547/17)

# ਕੀਰਤਨ ਵਿਚ ਮਨ ਕਿਵੇਂ ਲਗਦਾ ਹੈ ?

-ਸ: ਹਰਬੰਸ ਸਿੰਘ ਲਖਨਊ,
ਪ੍ਰਧਾਨ, ਕੇਂਦਰੀ ਕੀਰਤਨ ਵਿਭਾਗ

ਕੀਰਤਨ ਦਾ ਮੁਖ ਉਦੇਸ਼ ਜੁਗੋ ਜੁਗ ਅਟੱਲ, ਜ਼ਾਹਰ ਜ਼ਹੂਰ ਹਾਜ਼ਰਾ ਹਜ਼ੂਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਬਾਣੀ ਦਾ ਕੀਰਤਨ ਸੁਣਾ ਕੇ ਪ੍ਰਸੰਨਤਾ ਪ੍ਰਾਪਤ ਕਰਨੀ ਹੈ। ਕੀਰਤਨੀਏ ਸਿੰਘ ਜਿੰਨਾ ਵਧੇਰੇ ਗੁਰਦੇਵ ਜੀ ਨਾਲ ਜੁੜਨਗੇ, ਓਨਾ ਹੀ ਸੰਗਤ ਕੀਰਤਨ ਵਿਚ ਜੁੜੇਗੀ ਤੇ ਅਨੰਦ ਮਾਣੇਗੀ।

ਕੀਰਤਨ ਮੁਰਦਾ ਰੂਹਾਂ ਵਿਚ ਨਵੀਂ ਜ਼ਿੰਦਗੀ ਭਰਨ ਵਾਲੀ ਸੰਜੀਵਨੀ ਬੂਟੀ ਹੈ। ਇਸ ਦਾ ਮਨੁੱਖ ਹਿਰਦਿਆਂ ਤੇ ਐਸਾ ਪ੍ਰਭਾਵ ਪੈਂਦਾ ਹੈ ਕਿ ਅਗੰਮੀ ਸੁਆਦ ਵਿਚ ਅਨੰਦਿਤ ਹੋ ਜਾਂਦੇ ਹਨ ਤੇ ਬੈਕੁੰਠ ਦਾ ਵਾਤਾਵਰਨ ਪੈਦਾ ਹੋ ਜਾਂਦਾ ਹੈ। ਇਸ ਵਾਤਾਵਰਣ ਵਿਚ ਹੀ ਗੁਰਬਾਣੀ ਦੇ ਸ਼ਬਦ ਦੇ ਸਹੀ ਅਰਥ ਪ੍ਰਗਟ ਹੁੰਦੇ ਹਨ ਅਤੇ ਉਨ੍ਹਾਂ ਦੀ ਇਕ ਇਕ ਤੁਕ ਅੰਤਰ ਆਤਮੇ ਵਿਚ ਸਮਾ ਜਾਂਦੀ ਹੈ। ਇਕਾਗਰਤਾ ਵਿਚ ਜੁੜੀਆਂ ਆਤਮਾਵਾਂ ਲਈ ਪ੍ਰਭੂ ਦੇ ਮਿਲਾਪ ਲਈ ਰਾਹ ਬਣ ਜਾਂਦਾ ਹੈ।

**'ਗੁਰਦੁਆਰੈ ਲਾਇ ਭਾਵਨੀ**
**ਇਕਨਾ ਦਸਵਾ ਦੁਆਰੁ ਦਿਖਾਇਆ ॥'**

ਅਜਿਹੇ ਗੁਰਸਿਖਾਂ ਦੇ ਮਨ ਕੀਰਤਨ ਵਿਚ ਜਾਗਦੇ ਹਨ। ਇਨ੍ਹਾਂ ਦੀ ਅਨੁਭਵੀ ਅੱਖ ਖੁੱਲ੍ਹ ਜਾਂਦੀ ਹੈ। ਇਹ ਅੰਦਰ ਦੀ ਖੇਡ ਤੋਂ ਜਾਣੂ ਹੁੰਦੇ ਹਨ। ਅਜਿਹੇ ਗੁਰਸਿੱਖਾਂ ਦੇ ਮੁਖਾਰਬਿੰਦ ਤੋਂ ਉਚਰੀ ਬਾਣੀ ਸੰਗਤਾਂ ਦੇ ਹਿਰਦੇ ਕੀਲ ਜਾਂਦੀ ਹੈ। ਜਿਵੇਂ ਸਿੰਘ ਸਭਾ ਗੁਰਦੁਆਰਾ ਮਾਡਲ ਟਾਊਨ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਦਿਵਸ ਤੇ ਸੰਗਤਾਂ ਜੁੜੀਆਂ ਹਨ। ਸ਼ਾਮ ਦੇ ਅੱਠ ਵਜੇ ਤੋਂ ਕੀਰਤਨ ਗਾਇਣ ਹੋ ਰਿਹਾ ਹੈ। ਰਾਤ ਭਰ ਸੰਗਤਾਂ ਹਰਿ ਜਸ ਸੁਣ ਕੇ ਅਨੰਦਤ ਹੁੰਦੀਆਂ ਰਹੀਆਂ। ਅੰਮ੍ਰਿਤ ਵੇਲੇ ਦੋ ਕੁ ਵਜੇ ਇਕ ਰੰਗ ਰਤੜੇ ਗੁਰਸਿੱਖ ਕੀਰਤਨ ਕਰ ਰਹੇ ਹਨ। ਸ਼ਬਦ ਗਾਇਨ ਹੋ ਰਿਹਾ ਹੈ :

ਰਾਇਸਾ ਪਿਆਰੇ ਕਾ ਰਾਇਸਾ
ਜਿਤੁ ਸਦਾ ਸੁਖੁ ਹੋਈ ॥
ਜਦੋਂ ਇਹ ਪੰਗਤੀ ਆਈ :
ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨਾ ਜਾਣੈ ॥

ਗੁਰਮੁਖ ਜਨ (ਡਾ:ਸੁਰਿੰਦਰ ਸਿੰਘ) 'ਖਰੁ ਸਾਰ ਨਾ ਜਾਣੈ' ਇਹੀ ਪੰਗਤੀ ਬਾਰ ਬਾਰ ਦੁਹਰਾਈ ਜਾ ਰਹੇ ਸਨ। ਕਿਸੇ ਵਿਸਮਾਦ ਅਵਸਥਾ ਵਿਚ ਸਨ, ਗਲਾ ਭਰ ਆਇਆ, ਨੈਣਾਂ ਚੋਂ ਨੀਰ ਵਹਿ ਤੁਰਿਆ, ਗਲਾ ਰੁਕ ਗਿਆ, ਸਾਜ਼ ਬੰਦ ਹੋ ਗਏ, ਸਿਮਰਨ ਸ਼ੁਰੂ ਹੋ ਗਿਆ। ਸਾਰੀਆਂ ਸੰਗਤਾਂ, ਦੀਆਂ ਅੱਖਾਂ ਸਜਲ ਹੋ ਗਈਆਂ। ਇਉਂਕਹਿ ਲਵੋ :

**'ਕਹਬੇ ਕਉ ਸੋਭਾ ਨਹੀਂ ਦੇਖਾ ਹੀ ਪਰਵਾਨ ॥'**

ਭਾਵ ਇਹ ਕੁਝ ਅਨੁਭਵ ਹੀ ਕੀਤਾ ਜਾ ਸਕਦਾ ਹੈ। ਵਰਨਣ ਨਹੀਂ ਕੀਤਾ ਜਾ ਸਕਦਾ।

ਇਵੇਂ ਹੀ ਕੀਰਤਨ ਦੇ ਆਸ਼ਕ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਕੀਰਤਨ ਕਰ ਰਹੇ ਸਨ, ਸ਼ਬਦ ਗਾਇਨ ਹੋ ਰਿਹਾ ਸੀ :

'ਮੋਹਿ ਗਇਆ ਬੈਰਾਗੀ ਜੋਗੀ,
ਘਟਿ ਘਟਿ ਕਿੰਗੁਰੀ ਵਾਈ ॥

'ਮੋਹਿ ਗਇਆ, ਮੋਹਿ ਗਇਆ' ਇਹੀ ਪੰਗਤੀ ਭਾਈ ਸਾਹਿਬ ਬਾਰ ਬਾਰ ਦੁਹਰਾਈ ਜਾ ਰਹੇ ਸਨ। ਮਨ ਜੁੜ ਗਿਆ, ਸਿਮਰਨ ਸ਼ੁਰੂ ਹੋ ਗਿਆ। ਕੁਝ ਮਿੰਟਾਂ ਲਈ ਸੁੰਨ-ਮੁੰਨ ਅਵਸਥਾ ਸੀ। ਭਾਈ ਸਾਹਿਬ ਨੇ ਉਹੋ ਹੀ ਤੁਕ ਬਾਰ-ਬਾਰ ਦੁਹਰਾਈ-ਮੋਹਿ ਗਇਆ, ਮੋਹਿ ਗਇਆ।

ਭਾਈ ਸਾਹਿਬ ਨਾਮ ਰਸ ਬੀਧੇ ਜੀਅੜੇ ਗੁਰਬਾਣੀ ਨਾਲ ਇਕ ਸੁਰ ਹੋ ਕੇ ਉਨ੍ਹਾਂ ਦੇ ਅੰਤਰ ਆਤਮੇ ਚਲ ਰਹੀ

ਨਾਮ ਦੀ ਰੌਂ ਪ੍ਰਗਟ ਪਹਾਰੇ ਹੋ ਗਈ ਅਤੇ ਬੇਬਸੇ ਤੇ ਆਪ ਮੁਹਾਰੇ ਹੀ ਉਸੇ ਗੁਰ ਸ਼ਬਦ ਦੀ ਧੁਨੀ ਗੂੰਜ ਉਠਦੀ । ਉਹ ਆਪ ਵੀ ਰੰਗ ਰਤੜੇ ਬੇਸੁਧ ਹੋਏ ਹੋਏ ਸਨ ਅਤੇ ਸੰਗਤ ਵਿਚ ਵੀ ਗੁਰ ਸ਼ਬਦ ਦੀ ਧੁਨੀ ਨਾਲ ਇਕ ਅਜੀਬ ਆਲਮ ਛਾ ਗਿਆ । ਗੁਰਬਾਣੀ ਕੀਰਤਨ ਫੇਰ ਜਾਰੀ ਹੋ ਜਾਂਦਾ ਪਰ ਥੋੜ੍ਹੇ ਚਿਰ ਲਈ ਹੀ ਪ੍ਰਗਟ ਪਹਾਰੇ ਨਾਮ ਦੀ ਪਾਰਸ ਕਲਾ ਦਾ ਅਲੌਕਿਕ ਪ੍ਰਭਾਵ ਸਮਾਗਮ ਦੀ ਸਮਾਪਤੀ ਤਕ ਜਾਰੀ ਰਿਹਾ ! ਨਾਮ ਰਸ ਬੀਧੇ ਭਾਈ ਸਾਹਿਬ ਸਮਾਪਤੀ ਤੋਂ ਬਾਅਦ ਵੀ ਘੰਟਿਆਂ ਬਧੀ ਅੰਤਰ-ਆਤਮੇ ਨਾਮ ਦੇ ਗਟਾਕ ਰਸ ਪੀਂਦੇ, ਉਸੇ ਮਸਤੀ ਦੇ ਆਲਮ ਵਿਚ ਗੜੂੰਦ ਰਹੇ ਅਤੇ ਸਿੱਖ ਸੰਗਤਾਂ ਦੀ ਸੁਰਤੀ ਬਿਰਤੀ ਵਿਚ ਵੀ ਓਹੀ ਇਲਾਹੀ ਨਾਦ ਕਿੰਨਾ ਚਿਰ ਗੂੰਜਦਾ ਰਿਹਾ । ਇਹ ਹੈ ਭਿਜ ਕੇ ਹਰੀ ਜਸ ਗਾਇਨ ਕਰਨਾ । ਇਸ ਤਰ੍ਹਾਂ ਉਹੋ ਹੀ ਗਾ ਸਕਦੇ ਹਨ ਜਿਨ੍ਹਾਂ ਦਾ ਮਨ ਜਾਗਿਆ ਹੋਵੇ, ਅਨੁਭਵੀ ਨੇਤਰ ਖੁਲ੍ਹੇ ਹੋਣ । ਅਸੀਂ ਕਲਜੁਗੀ ਜੀਵ ਤਾਂ ਆਪਣੇ ਲਈ ਇਹ ਹੀ ਕਹਿ ਸਕਦੇ ਹਾਂ :

'ਖਰੁ ਸਾਰ ਨਾ ਜਾਣੈ'

ਇਹ ਬਾਣੀ ਧੁਰ ਦਰਗਾਹੋਂ ਆਈ ਹੈ, ਸੋ ਪਿਆਰ ਨਾਲ ਇਕਾਗਰ ਹੋ ਕੇ ਬਾਣੀ ਗਾਇਣ ਕਰਨ ਵਾਲੇ ਕੀਰਤਨੀਏ ਆਪਾ ਭੁਲ, ਇਕ ਸੁਰ ਦੀ ਮਸਤੀ ਵਿਚ ਗੁਆਚ ਜਾਂਦੇ ਹਨ । ਸਰੋਤੇ ਵੀ ਇਕ ਸੁਰ ਹੋ ਕੇ ਵਜਦ ਵਿਚ ਨਾਲ ਗਾਉਣ ਲੱਗ ਪੈਂਦੇ ਹਨ । ਉਸ ਵੇਲੇ ਹਰ ਇਕ ਦਾ ਮਨ ਵਿਸਮਾਦੀ ਵਲਵਲੇ ਦੇ ਦੇਸ਼ ਪਹੁੰਚ ਜਾਂਦਾ ਹੈ ਤੇ ਆਤਮਾ-ਪ੍ਰਮਾਤਮਾ ਵਿਚ ਲੀਨ ਹੋ ਜਾਂਦੀ ਹੈ । ਅਨੰਤ ਵਿਚ ਲੀਨ ਹੋਣ ਦਾ ਅਨੁਭਵ ਕੇਵਲ ਗੁਰਬਾਣੀ ਕੀਰਤਨ ਦੁਆਰਾ ਹੀ ਹੋ ਸਕਦਾ ਹੈ ।

'ਗਾਵਹੁ ਸਚੀ ਬਾਣੀ'..ਕੀਰਤਨ, ਕੇਵਲ ਇਹ ਹੀ ਭਗਤੀ ਜਾਂ ਪੂਜਾ ਹੈ ਜੋ ਕਿ ਸਿੱਖ ਨੇ ਆਪਣੇ ਇਸ਼ਟ ਦੀ ਕਰਨੀ ਹੈ । ਗੁਰੂ ਚਰਨਾਂ ਨਾਲ ਜੁੜਨ ਦਾ ਸਭ ਤੋਂ ਉਤਮ ਵਸੀਲਾ ਕੀਰਤਨ ਹੈ । ਨਿਰੋਲ ਗੁਰਬਾਣੀ ਦਾ ਅਡੋਲ ਤੇ ਅਖੰਡ ਕੀਰਤਨ ਹੀ ਸਰੋਤਿਆਂ ਤੇ ਵਿਸਮਾਦੀ ਰੰਗ ਵਰਤਾ ਸਕਦਾ ਹੈ, ਪਰ ਜਿਨ੍ਹਾਂ ਕੀਰਤਨੀ ਸਿੰਘਾਂ ਨੇ ਧੁਰ ਕੀ ਬਾਣੀ ਨੂੰ ਗੁਰੂ ਨਾਨਕ ਦੀ ਦਿੱਤੀ ਸੋਧ ਅਨੁਸਾਰ ਗਾਇਨ ਕਰਨਾ ਹੈ, ਉਨ੍ਹਾਂ ਦਾ ਧਿਆਨ ਕਲਾ ਪ੍ਰਗਟਾਉਣ ਵਲ ਨਹੀਂ ਹੁੰਦਾ, ਉਨ੍ਹਾਂ ਦੀ ਸੁਰਤ ਜੁੜੀ ਹੁੰਦੀ ਹੈ ਅਤੇ ਅੰਤਰ ਆਤਮੇ ਦੇ ਵੇਗ ਵਿਚ ਹੀ ਪ੍ਰਭੂ ਦੇ ਗੁਣ ਗਾਇਣ ਕਰੀ ਜਾਂਦੇ ਹਨ । ਵਾਤਾਵਰਣ ਸਾਰਾ ਹੀ ਝੂਮ ਉਠਦਾ ਹੈ, ਕੀਰਤਨ ਸਾਰੇ ਹੀ ਸੁਣ ਰਹੇ ਹੁੰਦੇ ਹਨ ।

ਦਰੋਂ ਘਰੋਂ ਵਰਸਾਏ ਸੰਤ ਜਵਾਲਾ ਸਿੰਘ ਜੀ ਸੰਗਤ ਵਿਚ ਬੈਠਿਆਂ ਕੀਰਤਨ ਸੁਣ ਰਹੇ ਹਨ । ਉਨ੍ਹਾਂ ਦੀ ਸੁਰਤ ਜੁੜੀ ਹੋਈ ਹੈ । ਸੰਤ ਜੀ ਕਦੀ ਖਿੜਖਿੜਾ ਕੇ ਹੱਸ ਪੈਂਦੇ ਹਨ । ਫਿਰ ਨੈਣਾਂ ਵਿਚੋਂ 'ਨੀਰ ਵਹੇ ਵਹਿ ਚਲੈ ਜੀਉ ॥' ਫਿਰ ਉਚੀ ਆਵਾਜ਼ ਵਿਚ ਕਿਸੇ ਵੇਗ ਵਿਚ ਆਪ-ਮੁਹਾਰੇ ਬੋਲ ਉਠਦੇ ਹਨ :

'ਹਉ ਰਹਿ ਨਾ ਸਕਾ ਬਿਨੁ ਦੇਖੇ ਪ੍ਰੀਤਮਾ
ਮੈ ਨੀਰੁ ਵਹੇ ਵਹਿ ਚਲੈ ਜੀਉ ॥

ਇਉਂ ਜਾਪਦੈ :

'ਅਖੰਡ ਕੀਰਤਨੁ ਤਿਨਿ ਭੁਜਨੁ ਚੂਰਾ ॥
ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥

ਧੰਨਤਾ ਯੋਗ ਹਨ ਦਰੋਂ ਘਰੋਂ ਵਰਸਾਏ ਕੀਰਤਨੀਏ ਅਤੇ ਸਰੋਤੇ । ਨਿਰਸੰਦੇਹ :

'ਜੋ ਸਿਖ ਗੁਰ ਕਾਰ ਕਮਾਵਹਿ
ਹਉ ਗੁਲਮੁ ਤਿਨਾ ਕਾ ਗੋਲੀਆ ॥'

ਸੋ ਸਾਨੂੰ ਸਭ ਨੂੰ ਵਾਹਿਗੁਰੂ ਸੁਮਤਿ ਬਖਸ਼ੇ, ਸਾਡੀ ਅਗਿਆਨਤਾ ਦੀ ਨੀਂਦ ਖੋਲ੍ਹੇ ਅਤੇ ਅਸੀਂ ਵੀ

'ਹਰਿ ਕੀਰਤਨ ਮਹਿ ਇਹੁ ਮਨ ਜਾਗੇ ॥'

ਪ੍ਰਤੱਖ ਰੂਪ ਵਿਚ ਅਨੁਭਵ ਕਰ ਸਕੀਏ ਤੇ ਬਾਣੀ ਨੂੰ ਗੁਰੂ ਨਾਨਕ ਦੀ ਦਿੱਤੀ ਸੋਧ ਅਨੁਸਾਰ ਭਿਜ ਕੇ ਗਾ ਸਕੀਏ, ਸੁਣ ਸਕੀਏ ਅਤੇ ਉਸ ਸਮੇਂ ਜੋ ਅਗੰਮੀ ਖੇਡ ਵਰਤਦੀ ਹੈ, ਉਸ ਨਾਲ ਅਨੰਦਤ ਹੋ ਸਕੀਏ ।

# ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਕੀਰਤਨ ਸ਼ੈਲੀ

(ਪ੍ਰਿੰ: ਗੁਰਮੁਖ ਸਿੰਘ)

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਅਨੁਮਾਨ ਹੈ, ਵੀਹਵੀਂ ਸ਼ਤਾਬਦੀ ਦੇ ਆਰੰਭ ਹੁੰਦਿਆਂ ਕੀਰਤਨ ਕ਼ਰਨਾ ਆਰੰਭਿਆ । ਉਹਨਾਂ ਦਾ ਕਲਾਸੀਕਲ ਰਾਗਾਂ ਦੇ ਕਿਸੇ ਭੀ ਘਰਾਨੇ ਨਾਲ ਦੂਰ ਦਾ ਸੰਬੰਧ ਭੀ ਨਹੀਂ ਸੀ । ਉਸ ਸਮੇਂ ਦੇ ਪੰਜਾਬ ਵਿੱਚ ਜਾਂ ਤਾਂ ਕਿਤੇ ਕਿਤੇ ਪੱਕੇ ਰਾਗਾਂ ਵਿੱਚ ਕੀਰਤਨ ਕਰਨ ਵਾਲੇ ਉਂਗਲਾਂ ਤੇ ਗਿਣੇ ਜਾਣ ਵਾਲੇ ਰਾਗੀ ਹੁੰਦੇ ਸਨ ਜਾਂ ਸੰਤ ਮਹਾਂਪੁਰਖ ਜੋ ਚਿਮਟੇ ਢੋਲਕੀਆਂ ਨਾਲ ਜੋਟੀਆਂ ਵਿੱਚ ਕੀਰਤਨ ਕਰਦੇ ਹੁੰਦੇ ਸਨ ।

ਆਪ ਇੱਕੋ ਚੌਕੜੇ ਪੰਜ ਪੰਜ, ਛੇ ਛੇ ਘੰਟੇ ਨਿਰੋਲ ਗੁਰਬਾਣੀ ਦਾ ਕੀਰਤਨ ਕਰਦੇ ਆਪ ਤਾਂ ਕੀਰਤਨ ਵਿੱਚ ਕੀਰਤਨ ਦਾ ਰੂਪ ਹੀ ਹੋ ਜਾਂਦੇ ਸਨ ਪਰ ਨਾਲ ਹੀ ਸੰਗਤ ਵਿੱਚ ਬੈਠੀਆਂ ਅਨੇਕਾਂ ਪ੍ਰੇਮੀ ਰੂਹਾਂ ਦੀ ਸੁਰਤ ਨੂੰ ਭੀ ਕੀਲ ਕੇ ਰੱਖ ਦਿੰਦੇ । ਘੰਟਿਆਂ ਬੱਧੀ ਕੀਰਤਨ ਉਹੀ ਸੁਣ ਸਕਦਾ ਹੈ ਜਿਸ ਅੰਦਰ ਕੀਰਤਨ ਨਾਲ ਲਿਵ ਜੁੜਦੀ ਹੋਵੇ ।

ਅੱਜ ਦੇ ਪ੍ਰੋਫੈਸ਼ਨਲ ਕੀਰਤਨੀਏ ਰੋਟੀਆਂ ਕਾਰਨ ਹੀ ਤਾਲ ਪੂਰਦੇ ਹਨ । ਉਸ ਕੀਰਤਨ ਨਾਲ ਨਾ ਤਾਂ ਉਨ੍ਹਾਂ ਦਾ ਆਪਣਾ ਅੰਦਰਲਾ ਕੀਲਿਆ ਜਾਂਦਾ ਹੈ ਤੇ ਨਾ ਹੀ ਸੰਗਤ ਤੇ ਬਹੁਤਾ ਪ੍ਰਭਾਵ ਪੈਂਦਾ ਹੈ । ਕੀਰਤਨ ਦਰਬਾਰਾਂ ਦਾ ਰਿਵਾਜ਼ ਚੱਲਿਆ ਹੋਇਆ ਹੈ, ਉਥੇ ਭੀ ਇਹੋ ਪ੍ਰੋਫੈਸ਼ਨਲ ਰਾਗੀ ਜੱਥੇ ਪ੍ਰਧਾਨ ਹੁੰਦੇ ਹਨ ਪਰ ਆਤਮਕ ਹੁਲਾਰਾ ਇਨ੍ਹਾਂ ਕੀਰਤਨ ਦਰਬਾਰਾਂ ਵਿੱਚ ਕਿੱਥੇ ?

ਆਮ ਰਾਗੀ ਕੀਰਤਨ ਕਰਨ ਸਮੇਂ ਵਾਜਾ ਜ਼ਿਆਦਾ ਟਾਈਮ ਵਜਾਉਂਦੇ ਹਨ ਤੇ ਕੀਰਤਨ ਬੋਲ ਥੋੜ੍ਹੇ ਸਮੇਂ ਲਈ ਪਰ ਭਾਈ ਸਾਹਿਬ ਨੂੰ ਜਿਨ੍ਹਾਂ ਨੇ ਕੀਰਤਨ ਕਰਦਿਆਂ ਸੁਣਿਆ ਵੇਖਿਆ ਹੈ ਉਹ ਇਸ ਗੱਲ ਦੀ ਗਵਾਹੀ ਦੇਣਗੇ ਕਿ ਉਨ੍ਹਾਂ ਆਪਣੇ ਗਲੇ ਨੂੰ ਬਚਾਅ ਕੇ ਰੱਖਣ ਦੀ ਕਦੀ ਕੋਸ਼ਿਸ਼ ਨਹੀਂ ਕੀਤੀ । ਅੰਦਰੋਂ ਮਾਨੋਂ ਕੀਰਤਨ ਦੀਆਂ ਤਰੰਗਾਂ ਉਠਦੀਆਂ ਸਨ ਤੇ ਆਪ ਪੰਚਮ ਸੁਰਾਂ ਤੋਂ ਭੀ ਉਪਰ ਉਚੀ ਉਚੀ ਘੰਟਿਆਂ ਬੱਧੀ ਕੀਰਤਨ ਕਰਦੇ ਹੁੰਦੇ । ਫਿਰ ਇੱਕ ਇੱਕ ਤੁਕ ਨੂੰ ਇਤਨੇ ਮਿਠਾਸ ਅਤੇ ਹੁਲਾਸ ਨਾਲ ਕਈ ਕਈ ਵਾਰੀ ਪੜ੍ਹਨਾ ਕਿ ਅਨੇਕਾਂ ਰੂਹਾਂ ਉਤੇ "ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ" ਵਾਲੀ ਦਸ਼ਾ ਵਾਪਰ ਜਾਂਦੀ । ਅਨੇਕਾਂ ਪ੍ਰੇਮੀਆਂ ਨੂੰ ਸੱਜਲ ਨੇਤ੍ਰੀ ਹੁੰਦਿਆਂ ਤਾਂ ਦਾਸ ਨੇ ਅੱਖੀਂ ਵੇਖਿਆ ਹੈ । ਐਸੇ ਕੀਰਤਨ ਅਖਾੜਿਆਂ ਵਿੱਚ ਪ੍ਰਬੰਧਕਾਂ ਨੂੰ ਘੜੀ ਵਿਖਾ ਕੇ ਭੋਗ ਪਾਉਣ ਲਈ ਮੁਸ਼ਕਲ ਹੋ ਜਾਂਦੀ । ਉਥੇ ਤਾਂ "ਬਨਿ ਕਾਦੇ ਬਿਲਲ ਬਿਲੀਧੋ" (ਪੰਨਾ -੧੧੨੮) ਵਾਲੀ ਦਸ਼ਾ ਹੋਈ ਹੋਈ ਹੁੰਦੀ ਸੀ । ਕੀਰਤਨ ਦਾ ਉਹ ਰਸ ਬੱਝਾ ਹੁੰਦਾ ਸੀ ਕਿ ਸਮਾਂ ਮਾਨੋ ਹੈ ਹੀ ਨਹੀਂ । ਕੀਰਤਨ 'ਚਲ ਸੋ ਚਲ' ਹੁੰਦਾ ਰਹਿੰਦਾ । ਜਦੋਂ ਮੈਂ 1953 ਦੇ ਦਿੱਲੀ ਦੇ ਸਮਾਗਮ ਤੇ ਪਹਿਲੀ ਵੇਰ ਭਾਈ ਸਾਹਿਬ ਤੇ ਉਨ੍ਹਾਂ ਦੇ ਸਾਥੀਆਂ ਨੂੰ ਕੀਰਤਨ ਵਿੱਚ ਵਿਸਮਾਦੀ ਰੰਗਾਂ ਵਿੱਚ ਵੇਖਿਆ ਤਾਂ ਮੇਰੇ ਲਈ ਇਹ ਸਾਰਾ ਦ੍ਰਿਸ਼ ਹੀ ਵਿਸਮਾਦ ਸੀ । ਸਵੇਰੇ 4 ਵਜੇ ਕੀਰਤਨ ਆਰੰਭ ਹੋਇਆ ਤਿਲਕ ਨਗਰ, ਤੇ ਸ਼ਾਮ ਦੇ ਪੰਜ ਵਜੇ ਸ੍ਰੀ ਆਸਾ ਕੀ ਵਾਰ ਦੀ ਸਮਾਪਤੀ ਹੋਈ । ਖਬਰੇ ਘੰਟਿਆਂ ਬੱਧੀ ਕੀਰਤਨ ਕਰਨ ਕਰਕੇ ਸੰਗਤਾਂ ਨੇ ਭਾਈ ਸਾਹਿਬ ਦੀ ਕਰਿਤਨ-ਸ਼ੈਲੀ ਦਾ ਨਾਮ ਹੀ ਅਖੰਡ ਕੀਰਤਨ ਰੱਖ ਦਿੱਤਾ ਜੋ ਗੁਰਬਾਣੀ ਵਿੱਚੋਂ ਅਖੰਡ ਕੀਰਤਨ ਦੀ ਸ਼ਬਦਾਵਲੀ ਤੋਂ ਲੈ ਕੇ ਨਾਮ ਕਰਨ ਕੀਤਾ ਗਿਆ ਹੁੰਦਾ ਹੈ :-

ਅਖੰਡ ਕੀਰਤਨੁ ਤਿਨਿ ਭੋਜਨ ਚੂਰਾ ॥<br>
ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥

(ਪੰਨਾ ੨੩੬)

ਭਾਈ ਸਾਹਿਬ ਨੇ ਦੇਸ਼ ਦੀ ਆਜ਼ਾਦੀ ਲਹਿਰ ਵਿੱਚ 16 ਸਾਲ ਜੇਲ੍ਹ ਭੋਗੀ । ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਭੀ ਆਪਣੇ ਸਰਬ ਲੋਹ ਦੇ ਕੜਿਆਂ ਨੂੰ ਕੀਰਤਨ ਕਰਨ ਲਈ ਸਾਜ਼ ਬਣਾਇਆ । ਨਾਮ ਬਾਣੀ ਅਤੇ ਕੀਰਤਨ ਦੇ ਆਧਾਰ ਤੇ ਉਮਰ ਕੈਦ ਦਾ ਸਮਾਂ ਸਫਲ ਕੀਤਾ, ਸਤਿਗੁਰੂ ਦੇ ਭਾਣੇ ਵਿੱਚ ਅਡੋਲ ਰਹੇ । ਕੀਰਤਨ ਕਰਨਾ ਆਪ ਦਾ ਕਿੱਤਾ ਨਹੀਂ ਸੀ । ਇਹ ਤਾਂ ਆਪ ਦੇ ਰੂਹ ਦੀ ਖੁਰਾਕ ਸੀ । ਅੰਤਲੇ 2 ਕੁ ਸਾਲਾਂ ਵਿੱਚ ਡਾਕਟਰਾਂ ਨੇ ਜਦੋਂ ਕੀਰਤਨ ਕਰਨ ਤੋਂ ਵਰਜ ਦਿੱਤਾ ਤਾਂ ਇਨ੍ਹਾਂ ਸਤਰਾਂ ਦੇ ਲਿਖਾਰੀ ਨੂੰ ਆਪ ਨੇ ਬੜੇ ਵੈਰਾਗ ਵਿੱਚ ਕਿਹਾ 'ਡਾਕਟਰਾਂ ਨੂੰ ਕੀ ਹੋਇਆ ? ਮੇਰਾ

ਕੀਰਤਨ ਹੀ ਬੰਦ ਕਰ ਦਿੱਤੈ ।' ਭਾਈ ਸਾਹਿਬ ਦੇ ਸਮੇਂ ਤੱਕ ਖਾਲਸਾ ਪੰਥ ਵਿੱਚ ਬੀਬੀਆਂ ਨੂੰ ਵੱਡੇ ਦੀਵਾਨਾਂ ਦੀ ਸਟੇਜ ਤੇ ਕਰਿਤਨ ਕਰਨ ਦਾ ਰਿਵਾਜ ਨਹੀਂ ਸੀ । ਬੀਬੀਆਂ ਰਲ ਕੇ ਆਮ ਤੋਰ ਤੇ ਘਰੋਂ ਘਰੀ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਸਮਾਪਤੀ ਤੇ ਢੋਲਕੀ ਛੈਣਿਆਂ ਨਾਲ ਘਰਾਂ ਵਿੱਚ ਹੀ ਕੱਲੀ-ਦੁ-ਕੱਲੀ ਬੀਬੀ ਸ਼ਬਦ ਪੜ੍ਹ ਲੈਂਦੀ ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਅਨੇਕਾਂ ਬੀਬੀਆਂ ਨੂੰ ਸਿੰਘਾਂ ਦੇ ਬਰਾਬਰ ਵੱਡੇ ਵੱਡੇ ਦੀਵਾਨਾਂ ਵਿੱਚ ਇੱਕੋ ਸਟੇਜ ਤੋਂ ਕਰਿਤਨ ਕਰਨ ਲਈ ਉਤਸ਼ਾਹਤ ਕੀਤਾ । ਇਸ ਦੇ ਫਲਸਰੂਪ ਅਖੰਡ ਕਰਿਤਨੀ ਜੱਥੇ ਦੇ ਕਰਿਤਨ ਅਖਾੜਿਆਂ ਵਿੱਚ ਜਿੱਥੇ ਸਿੰਘ ਕੀਰਤਨ ਕਰਦੇ ਹਨ, ਉਥੇ ਬੀਬੀਆਂ ਲਈ ਭੀ ਕੀਰਤਨ ਕਰਨ ਲਈ ਸਮਾਂ ਰੱਖਿਆ ਜਾਂਦਾ ਹੈ । ਇਸਲਾਮ, ਬੀਬੀਆਂ ਨੂੰ ਮਸਜਿਦ ਵਿੱਚ ਜਾਣ ਦੀ ਖੁੱਲ੍ਹ ਨਹੀਂ ਦਿੰਦਾ । ਹਿੰਦੂ ਧਰਮ ਬੀਬੀਆਂ ਨੂੰ ਨ੍ਹਾਉਣੀ ਦੀ ਸੂਤਕ ਮੰਨ ਕੇ ਪੂਜਾ ਲਈ ਯੋਗ ਨਹੀਂ ਸਮਝਦਾ ਅਖੇ ਕਿਧਰੇ ਦੇਵਤੇ ਅਪ੍ਰਸੰਨ ਨਾ ਹੋ ਜਾਣ । ਇਸੇ ਬ੍ਰਹਮਣੀ ਪ੍ਰਭਾਵ ਹੇਠ 18ਵੀਂ ਅਤੇ 19ਵੀਂ ਸਦੀ ਵਿੱਚ ਸਿੱਖ ਬੀਬੀਆਂ ਭੀ ਪਿਛੇ-ਰਹਿੰਦੀਆਂ ਰਹੀਆਂ । 20ਵੀਂ ਸਦੀ ਵਿੱਚ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਬੀਬੀਆਂ ਨੂੰ ਅੱਗੇ ਵੱਧਣ ਲਈ ਪ੍ਰੇਰਿਆ । ਸ੍ਰੀ ਦਰਬਾਰ ਸਾਹਿਬ ਅੰਦਰ ਅਜੇ ਤੱਕ ਬੀਬੀਆਂ ਨੂੰ ਬ੍ਰਹਮਣੀ ਪ੍ਰਭਾਵ ਕਾਰਨ ਕੀਰਤਨ ਕਰਨ ਦੀ ਆਗਿਆ ਨਹੀਂ ਹੈ । ਗੁਰੂ ਕੇ ਦਰਬਾਰ ਵਿੱਚ ਸਿੰਘਾਂ ਅਤੇ ਸਿੰਘਣੀਆਂ ਵਿੱਚ ਇਹ ਵਿਤਕਰਾ ਕਿਉਂ ? ਇਹ ਕਦੋਂ ਤੱਕ ਚੱਲਦਾ ਰਹੇਗਾ ?

ਭਾਈ ਸਾਹਿਬ ਨੇ ਇੱਕ ਹੋਰ ਨਵੀਂ ਪਿਰਤ ਪਾਈ ਕਿ ਕੀਰਤਨ ਦੀ ਮਾਇਆ ਭੇਟ ਨਹੀਂ ਲੈਣੀ । ਅਖੰਡ ਕੀਰਤਨ ਜੱਥੇ ਜਿੱਥੇ ਕਿਤੇ ਵੀ ਹਨ ਕੀਰਤਨ ਨੂੰ ਵੇਚਦੇ ਨਹੀਂ, ਰੂਹ ਦੀ ਖੁਰਾਕ ਵਜੋਂ ਆਪ ਭੀ ਭੁੰਚਦੇ ਹਨ ਅਤੇ ਸੰਗਤਾਂ ਨੂੰ ਭੀ ਭੁੰਚਾਉਂਦੇ ਹਨ ।

ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਭਾਈ ਸਾਹਿਬ ਅਤੇ ਉਨ੍ਹਾਂ ਨਾਲ ਕੀਰਤਨ ਕਰਨ ਵਾਲਿਆਂ ਦੀਆਂ ਪੁਰਾਤਨ ਕੀਰਤਨ-ਰੀਤਾਂ ਵਿੱਚ ਇਹ ਗੱਲ ਵੇਖਣ ਵਾਲੀ ਹੁੰਦੀ ਸੀ ਕਿ ਜੋ ਸ਼ਬਦ ਵੈਰਾਗ ਦਾ ਹੈ ਤਾਂ ਰੀਤਾਂ ਵਿੱਚੋਂ ਵੈਰਾਗ ਦੇ ਬਾਵ ਉਭਰਦੇ ਸਨ । ਜੇ ਸ਼ਬਦ ਮਿਲਾਪ ਅਤੇ ਖੁਸ਼ੀਆਂ ਦੇ ਭਾਵ ਦਾ ਹੁੰਦਾ ਤਾਂ ਕੀਰਤਨੀਆਂ ਨੇ ਉਸੇ ਭਾਵ ਦੀਆਂ ਰੀਤਾਂ ਦੀ ਰਚਨਾ ਕਰਨੀ । ਮੈਨੂੰ ਗੁਰਪੁਰਵਾਸੀ ਕਰਨਲ ਪਿਆਰਾ ਸਿੰਘ ਜੀ ਕਹਿੰਦੇ ਸਨ ਕਿ ਭਾਈ ਸਾਹਿਬ ਨੂੰ ਅਗੰਮੀ ਕੀਰਤਨ ਅੰਦਰੋਂ ਸੁਣੀਂਦਾ ਸੀ । ਉਹ ਅੰਦਰਲੇ ਸੁਣੀਂਦੇ ਕੀਰਤਨ ਦੀਆਂ ਰੀਤਾਂ ਨੂੰ ਬਾਹਰ ਰੂਪਮਾਨ ਕਰਦੇ ਹੁੰਦੇ ਸਨ । ਜਿਨ੍ਹਾਂ ਗੁਰੂ ਪਿਆਰਿਆਂ ਉਪਰ ਗੁਰ ਪ੍ਰਸਾਦਿ ਅਤੇ ਅਤੁੱਟ ਕਮਾਈ ਸਦਕਾ ਦਸਮ ਦੁਆਰ ਦੀ ਖੇਡ ਵਰਤ ਜਾਂਦੀ ਸੀ, ਭਾਈ ਸਾਹਿਬ ਉਨ੍ਹਾਂ ਪਾਸੋਂ ਕੀਰਤਨ ਸਰਵਣ ਕਰਕੇ ਬੜੇ ਪ੍ਰਸੰਨ ਹੁੰਦੇ ਸਨ ।

ਆਪ ਦੇ ਕੀਰਤਨ ਦੀ ਵੱਡੀ ਵਿਸ਼ੇਸ਼ਤਾ ਹੀ ਇਹ ਸੀ ਕਿ ਗੁਰਬਾਣੀ ਨੂੰ ਰਸਕ ਰਸਕ, ਰਸਾਅ ਰਸਾਅ ਕੇ, ਪ੍ਰੇਮ ਨਾਲ ਗਾਇਨ ਕਰੀ ਜਾਣਾ । ਅੱਜ ਕੱਲ ਦੇ ਨਵੇਂ ਨਵੇਂ ਕੀਰਤਨੀਆਂ ਨੇ ਭਾਈ ਸਾਹਿਬ ਨੂੰ ਨਾਂ ਤਾਂ ਕੀਰਤਨ ਕਰਦਿਆਂ ਵੇਖਿਆ ਅਤੇ ਨਾਂ ਹੀ ਉਹਨਾਂ ਦੀਆਂ ਕੀਰਤਨ ਟੇਪਾਂ ਹਨ ਜਿਸ ਕਰਕੇ ਉਪਰੋਕਤ ਵਿਸਮਾਦੀ ਕੀਰਤਨ ਤੋਂ ਉਹ ਵਿਰਵੇ ਰਹਿ ਗਏ ਹਨ । ਵੈਰਾਗਮਈ ਸ਼ਬਦ ਜਾਂ ਖੁਸ਼ੀ ਦੇ ਸ਼ਬਦਾਂ ਨੂੰ ਬਹੁਤੇ ਕੀਰਤਨੀਏ ਫਿਲਮੀ ਟਿਊਨਾਂ ਤੇ ਚਲਾ ਲੈਂਦੇ ਹਨ । ਕੀਰਤਨ ਕਰਨਾ ਭੀ ਇੱਕ ਅਗੰਮੀ ਬਖਸ਼ਿਸ਼ ਹੈ, ਆਰਟ ਨਹੀਂ, ਨਾ ਹੀ ਸੁਰਾਂ ਦੀ ਮੁਹਾਰਤ ।

ਭਾਈ ਸਾਹਿਬ ਆਪ ਖੁਦ ਜਾਂ ਉਹਨਾਂ ਦੇ ਸੰਗੀ ਸਾਥੀ ਕੀਰਤਨ ਵਿੱਚ ਗੁਰਮੰਤਰ ਦੀ ਧੁਨੀ ਨਹੀਂ ਸੀ ਲਾਉਂਦੇ ਹੁੰਦੇ । ਕਿਤੇ ਕਿਤੇ ਉਨ੍ਹਾਂ ਦੇ ਮੁਖਾਰਬਿੰਦ ਤੋਂ 'ਗੁਰੂ ਗੁਰੂ' ਦਾ ਆਵਾਜ਼ਾ ਆਉਂਦਾ ਹੁੰਦਾ ਪਰ ਉਹ ਕੀਰਤਨ ਨੂੰ ਅਖੰਡ ਰੱਖਦੇ ਸਨ । ਅਜੇ 30-35 ਸਾਲ ਉਨ੍ਹਾਂ ਨੂੰ ਸਮਾਏ ਹੋਏ ਹੀ ਹੋਏ ਹਨ ਕਿ ਉਹਨਾਂ ਦੀ ਦਰਸਾਈ ਕੀਰਤਨ ਸ਼ੈਲੀ ਦਾ ਰੂਪ ਹੀ ਬਦਲ ਗਿਆ ਹੈ । ਨਵੇਂ ਨਵੇਂ ਲੱਗੇ ਕੀਰਤਨੀਏ ਇਹ ਸਮਝੀ ਬੈਠੇ ਹਨ ਕਿ ਕੀਰਤਨ ਭਾਵੇਂ ਅਖੰਡ ਹੋਵੇ ਜਾਂ ਨਾ, ਪਰ ਗੁਰਮੰਤਰ ਦਾ ਸੰਗਤੀ ਅਭਿਆਸ ਅਖੰਡ ਰੱਖਿਆ ਜਾਏ । ਜੇ ਉਹਨਾਂ 30 ਮਿੰਟ ਕੀਰਤਨ ਕਰਨਾ ਹੈ ਤਾਂ ਉਹ ਘੱਟੋ ਘੱਟ ਅੱਧਾ ਸਮਾਂ 'ਵਾਹਿਗੁਰੂ ਵਹਿਗੁਰੂ' ਤੇ ਹੀ ਲਗਾ ਦਿੰਦੇ ਹਨ । ਇਉਂ ਨਾ ਤਾਂ ਇਹ ਅਖੰਡ ਕੀਰਤਨ ਹੀ ਰਹਿੰਦਾ ਹੈ ਅਤੇ ਨਾ ਹੀ ਅਖੰਡ ਅਭਿਆਸ । ਖਿਆਲ ਰਹੇ ਭਾਈ ਸਾਹਿਬ ਨਿਰੋਲ ਗੁਰਬਾਣੀ ਦਾ ਕਰਿਤਨ ਹੀ ਕਰਦੇ ਹੁੰਦੇ ਸਨ । ਸੰਗਤੀ ਅਭਿਆਸ ਦਾ ਰਿਵਾਜ ਤਾਂ 1960 ਤੋਂ ਬਾਅਦ ਹੀ ਆਰੰਭ ਹੋਇਆ । ਸੰਗਤੀ ਅਭਿਆਸ ਵਾਲੇ

ਕੀਰਤਨ ਦਾ ਰਿਵਾਜ਼ ਸਗੋਂ ਅੱਗੇ ਨਾਲੋਂ ਜ਼ੋਰਾਂ ਤੇ ਹੈ । ਡਰ ਹੈ ਕਿਤੇ ਆਉਣ ਵਾਲੇ ਸਮੇਂ ਵਿੱਚ ਜੱਥੇ ਦਾ ਨਾਉਂ ਹੀ ਬਦਲ ਕੇ 'ਸੰਗਤੀ ਅਖੰਡ ਅਭਿਆਸੀ ਜੱਥਾ' ਹੀ ਨਾ ਪੈ ਜਾਏ । ਅਭਿਆਸ ਤਾਂ ਅੰਮ੍ਰਿਤ ਵੇਲੇ ਗੁਪਤ ਹੀ ਕਰਨਾ ਚਾਹੀਦਾ ਹੈ, ਕੀਰਤਨ ਅਖਾੜੇ ਵਿੱਚ ਤਾਂ ਨਿਰੋਲ ਕੀਰਤਨ ਹੀ ਸ਼ੋਭਦਾ ਹੈ ।

ਭਾਈ ਸਾਹਿਬ ਦੀ ਸ਼ੈਲੀ ਤੋਂ ਹੱਟ ਕੇ ਭਾ: ਮੁਹਿੰਦਰ ਸਿੰਘ (ਐਸ.ਡੀ.ਓ.) ਨੇ ਕੀਰਤਨ ਦੀ ਇੱਕ ਨਵੀਂ ਸ਼ੈਲੀ ਦਾ ਵਿਕਾਸ ਕੀਤਾ । ਜਿਸ ਨੂੰ 'ਪ੍ਰਕਰਣ ਕੀਰਤਨ' ਕਿਹਾ ਜਾ ਸਕਦਾ ਹੈ । ਜੇ ਮਰਨੇ ਦੇ ਭੋਗ ਤੇ ਉਹ ਕੀਰਤਨ ਕਰਦੇ ਤਾ ਇੱਕ ਸ਼ਬਦ ਆਰੰਭ ਕਰਦੇ ਫਿਰ ਉਹ ਵਿਚੇ ਛੱਡ ਕੇ ਉਸੇ ਪ੍ਰਕਰਣ ਦੇ ਅਨੇਕਾਂ ਪ੍ਰਮਾਣ ਵੰਨ-ਸੁ-ਵੰਨੀਆਂ ਤਰਜਾਂ ਦੇ ਗੁਲਦਸਤਿਆਂ ਨਾਲ ਸਜਾ ਦਿੰਦੇ । ਵਿਚੇ ਹੀ ਗੁਰਮੰਤਰ ਦੀ ਧੁਨੀ ਲੱਗ ਜਾਂਦੀ ਅਤੇ ਕਿਤੇ ਕਿਤੇ ਵਿਆਖਿਆ ਵੀ ਕਰ ਜਾਂਦੇ । ਭਾ: ਗੁਰਦਾਸ ਦੀਆਂ ਵਾਰਾਂ ਦਾ ਕੀਰਤਨ ਭੀ ਉਹ ਕਈ ਕਈ ਘੰਟੇ ਕਰੀ ਜਾਂਦੇ । ਕਈ ਵਾਰ ਸੋਚੀਦਾ ਸੀ ਕਿ ਭਾਈ ਗੁਰਦਾਸ ਦੀਆਂ ਵਾਰਾਂ ਦਾ ਕੀਰਤਨ ਗੁਰਬਾਣੀ ਦੇ ਬਰਾਬਰ ਹੋ ਸਕਦਾ ਹੈ ? ਵਾਰਾਂ ਤਾਂ ਗੁਰਬਾਣੀ ਦੇ ਗੁਹਜ ਅਰਥਾਂ ਨੂੰ ਸਪੱਸ਼ਟ ਕਰਨ ਲਈ ਹਨ ਪਰ ਇਹ ਰਿਵਾਜ਼ ਜਿਉਂ ਚੱਲਿਆ । ਕਾਫੀ ਚਿਰ ਚੱਲਦਾ ਰਿਹਾ । ਹੁਣ ਭੀ ਕਈ ਵੀਰ ਭਾ: ਮੁਹਿੰਦਰ ਸਿੰਘ ਦੇ ਕੀਰਤਨ ਸਟਾਈਲ ਦੀ ਹੂ-ਬ-ਹੂ ਨਕਲ ਕਰਦੇ ਹਨ ਪਰ ਅਜਿਹੇ ਕੀਰਤਨ ਵਿੱਚ ਬੁੱਧੀ ਤਾਂ ਵਰਚੀ ਰਹਿੰਦੀ ਹੈ ਪਰ ਲਿਵ ਨਹੀਂ ਜੁੜਦੀ । ਇੱਕ ਪ੍ਰਕਰਣ ਤੋਂ ਦੂਜੇ ਪ੍ਰਕਰਣ ਵਿੱਚ ਬਦਲਣ ਨਾਲ ਸਾਰਾ ਸੰਦਰਭ ਹੀ ਬਦਲ ਜਾਂਦਾ ਹੈ । ਗੁਰਬਾਣੀ ਦੇ ਡੂੰਘੇ ਅਧਿਐਨ ਤੋਂ ਬਿਨਾਂ ਐਸੇ ਕੀਰਤਨ ਵਿੱਚ ਬੇ-ਰਸੀ ਹੋਣ ਦੀ ਬਹੁਤ ਸੰਭਾਵਨਾ ਹੈ ।

ਅੰਤ ਵਿੱਚ ਭਾਈ ਸਾਹਿਬ ਦੀ ਸ਼ੈਲੀ ਨੂੰ ਜੇਕਰ ਸਹੀ ਰੂਪ ਵਿੱਚ ਪਕੜਨਾ ਹੈ ਤਾਂ ਗੁਰਬਾਣੀ ਨੂੰ ਬੜੇ ਪ੍ਰੇਮ ਨਾਲ ਰਸਾਅ ਰਸਾਅ ਕੇ ਪੜ੍ਹਨਾ ਚਾਹੀਦਾ ਹੈ । ਪਹਿਲਾਂ ਆਪ ਗੁਰਚਰਨਾ ਨਾਲ ਜੁੜਨਾ ਚਾਹੀਦਾ ਹੈ । ਸੰਗਤ ਵਿੱਚ ਅਨੇਕਾਂ ਪ੍ਰਾਣੀ ਐਸੇ ਹੁੰਦੇ ਹਨ ਜੋ ਕੀਰਤਨ-ਰਸ ਦੇ ਭੌਰੇ ਹੁੰਦੇ ਹਨ । ਅਕਲਾਂ ਅਤੇ ਸਿਆਣਪਾਂ ਵਾਲੇ ਕੀਰਤਨ ਤੋਂ ਸੰਕੋਚ ਕਰਨਾ ਚਾਹੀਦਾ ਹੈ । ਇਸ ਕੀਰਤਨ ਅਖਾੜੇ ਦਾ ਧੁਰਾ ਹੈ ਪ੍ਰੇਮਾ ਭਗਤੀ ਜੋ ਆਪਣੀ ਵਿਦਵਤਾ ਛਾਂਟਣ ਲਈ ਇਸ ਪ੍ਰੇਮ ਅਖਾੜੇ ਵਿੱਚ ਆਏ, ਉਹ ਇਥੋਂ ਖਾਲੀ ਹੱਥ ਚਲੇ ਗਏ । ਰਸਕ ਰਸਕ ਗੁਣ ਗਾਉਣਾ ਹੀ ਥਾਏਂ ਪੈਂਦਾ ਹੈ ।

# ਜਪੁਜੀ ਵਿਚਾਰ-II

ਬੰਤ ਸਿੰਘ

ਹੁਕਮੀ ਹੋਵਨਿ ਆਕਾਰ, ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ, ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ, ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ, ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ, ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ, ਤ ਹਉਮੈ ਕਹੈ ਨ ਕੋਇ ॥੨॥

ਅਕਾਲ ਪੁਰਖ ਦਾ ਹੁਕਮ ਅਟੱਲ ਹੈ । ਉਸ ਦੇ ਹੁਕਮ ਅਨੁਸਾਰ ਜੀਵਾਂ ਦੇ ਸਰੀਰ ਬਣਦੇ ਹਨ । ਉਸਦੇ ਹੁਕਮ ਬਾਰੇ ਕੁਝ ਨਹੀਂ ਦਸਿਆ ਜਾ ਸਕਦਾ । ਉਸ ਦੇ ਹੁਕਮ ਨਾਲ ਹੀ ਜੀਵਾਂ ਦੀ ਉਤਪਤੀ ਹੁੰਦੀ ਹੈ । ਉਸ ਦੇ ਹੁਕਮ ਅਨੁਸਾਰ ਹੀ ਸੋਭਾ ਮਿਲਦੀ ਹੈ । ਉਸ ਦੇ ਹੁਕਮ ਨਾਲ ਹੀ ਮਨੁੱਖ ਚੰਗੇ ਜਾਂ ਭੈੜੇ ਬਣਦੇ ਹਨ । ਉਸ ਦੇ ਹੁਕਮ ਅਨੁਸਾਰ ਹੀ ਜੀਵ ਆਪਣੇ ਕੀਤੇ ਕਰਮਾਂ ਦੇ ਦੁਖ ਸੁਖ ਭੋਗਦੇ ਹਨ । ਉਸ ਦੇ ਹੁਕਮ ਨਾਲ ਹੀ ਕਈਆਂ ਉਤੇ ਮਿਹਰ ਤੇ ਕਿਰਪਾ ਹੁੰਦੀ ਹੈ । ਉਸ ਦੇ ਹੁਕਮ ਅਨੁਸਾਰ ਹੀ ਕਈਆਂ ਨੂੰ ਜਨਮ-ਮਰਨ ਦੇ ਚੱਕਰ ਵਿੱਚ ਪਾਇਆ ਜਾਂਦਾ ਹੈ । ਹਰ ਜੀਵ ਉਸ ਦੇ ਹੁਕਮ ਅੰਦਰ ਹੀ ਹੈ । ਕੋਈ ਭੀ ਉਸ ਦੇ ਹੁਕਮ ਦੀ ਉਲਘਣਾ ਨਹੀਂ ਕਰ ਸਕਦਾ । ਜਿਹੜਾ ਉਸ ਦੇ ਹੁਕਮ ਨੂੰ ਸਮਝ ਲੈਂਦਾ ਹੈ ਉਹ ਹੰਕਾਰ ਨੂੰ ਛੱਡ ਕੇ ਸੁਆਰਥੀ ਜੀਵਨ ਤਿਆਗ ਦਿੰਦਾ ਹੈ ।

ਅਕਾਲ ਪੁਰਖ ਦੇ ਹੁਕਮ ਦਾ ਸਹੀ ਸਰੂਪ ਦਸਿਆ ਨਹੀਂ ਜਾ ਸਕਦਾ । ਜਿਹੜਾ ਉਸ ਦੇ ਹੁਕਮ ਵਿੱਚ ਤੁਰਨਾ ਸਿਖ ਲੈਂਦਾ ਹੈ ਉਸ ਦਾ ਜੀਵਨ ਬਦਲ ਜਾਂਦਾ ਹੈ । ਉਸ ਦਾ ਜੀਵਨ ਸਰਵ ਸਾਂਝਾ ਹੋ ਜਾਂਦਾ ਹੈ ।

ਹੁਕਮ ਸੇ ਬਨ ਬਨ ਜਾਏ ਸ਼ਕਲੇਂ, ਹੁਕਮ ਕੇ ਭੇਦ ਨਾ ਖੋਲ੍ਹੇ ਜਾਏਂ । ਹੁਕਮ ਸੇ ਤਨ ਮੇਂ ਰੂਹੇਂ ਆਏਂ, ਹੁਕਮ ਸੇ ਸ਼ਾਨ ਬੜਾਈ ਪਾਏਂ । ਹੁਕਮ ਸੇ ਇਜ਼ਤ, ਹੁਕਮ ਸੇ ਦੌਲਤ, ਹੁਕਮ ਕਾ ਲਿੱਖਾ ਸੁਖ ਦੁਖ ਪਾਏਂ । ਹੁਕਮ ਸੇ ਇੱਕ ਪਰ ਬਖ਼ਸ਼ਿਸ਼ ਹੋ, ਇਕ ਹੁਕਮ ਸੇ ਚੱਕਰ ਖਾਤੇ ਜਾਏਂ । ਹੁਕਮ ਖੁਦਾ ਮੇਂ ਦੁਨੀਆਂ ਸਾਰੀ, ਹੁਕਮ ਸੇ ਬਾਹਰ ਕੋਈ ਨਾ ਜਾਏ । ਹੁਕਮ ਖੁਦਾ ਜੋ ਸਮਝੇ 'ਨਾਨਕ', ਅਪਨੀ "ਹੂੰ ਮੈਂ" ਆਪ ਮਿਟਾਏ ।੨।

All forms arise from his will, His will cannot be defined,
By his will come into being all the creatures,
And by his will They rise to a higher life.
It is his will That one is virtuous and the other too wicked.
Under his will we write our destiny and experience pain and pleasure.
By his will some are blessed and some wander for ever.
Every one is subject to his law, no one is beyond its pale.
Nanak, if men were to understand the Lord's will
Then no one will speak proudly of one self.

No one can tell what God's will is in its totality. It is as impossible to define Hukam (God's will, God's law) as it is to define God. Every thing that we can think of is of God and not God. One cannot make any mental picture of him. God's will continues to work for ever in the laws of nature. It is the creative spirit which has been working. God alone knows since when. It is the will of God that is working every where but it is hard to realise this fact as man's ego cannot-easily grasp it. We can know only some aspects of God's will. Its ultimate understanding comes unexpectedly as a direct revelation to every soul which aspires after truth. It does not-work from outside but works from inside of everything and every being as its inherent law. Man works out his life according to some law. God does not issue orders from outside. The law works from with in. God's will inspirits all.

What is God's will ?

# ਗੁਰਬਾਣੀ ਵਿੱਚ ਨੌਂ ਵਾਰਾਂ ਦੀਆਂ ਧੁਨੀਆਂ ਦੀ ਹੋਂਦ

-ਬੇਦੀ ਲਾਲ ਸਿੰਘ ਸਾਹਿਤਕਾਰ, ਅੰਮ੍ਰਿਤਸਰ

ਧੁਨੀ :- 1) ਸੰ. 'ਸੰਗਯਾ' :- ਨਦੀ, ਦਰਿਆ ।

2) ਸੰ. ਧ੍ਵਨਿ X :- ਸ਼ਬਦ, ਨਾਦ, 'ਅਨਹਦ ਧੁਨੀ' ਯਥਾ ਅਨਹਦ ਧੁਨੀ, ਦਰਿ ਵਜਦੇ ।' (ਸ੍ਰੀ ਰਾਗ ਮ:੪)

3) ਅਵਾਜ਼ ਦੀ ਗੂੰਜ ।

4) ਕਾਵਯ ਅਨੁਸਾਰ, ਉਹ ਗੂੜ ਅਰਥ ਦਾ ਭਾਵ, ਜੋ ਅਖਰਾਂ ਦੇ ਅਰਥ ਤੋਂ ਭਿੰਨ ਵਯੰਜਨਾ ਸ਼ਕਤਿ, ਦਵਾਰਾ ਪ੍ਰਗਟ ਹੋਵੇ, ਜਿਵੇਂ :-

'ਮੇਟੀ ਜਾਤਿ, ਹੂਏ ਦਰਬਾਰਿ ।'
(ਗੋਂਡ ਰਵਿਦਾਸ)

ਇਸ ਤੋਂ ਇਹ (ਧ੍ਵਨਿ) ਧੁਨੀ ਨਿਕਲੀ,ਕਿ ਜੋ ਜਾਤਿ ਅਭਿਮਾਨੀ ਹਨ, ਉਹ ਕਰਤਾਰ ਦੇ ਦਰਬਾਰ ਦੇ ਅਧਿਕਾਰੀ ਨਹੀਂ ।

5) ਗਾਉਨ ਦੀ ਧਾਰਨਾ, ਗਾਉਣ ਦਾ ਢੰਗ,
(ਮਹਾਨ ਕੋਸ਼ ਪੰਨਾ 669)

ਸ੍ਰੀ ਗੁਰੂ ਅਰਜਨ ਸਾਹਿਬ ਨੇ, ਨੌਂ ਵਾਰਾਂ ਅਜਿਹੀਆਂ ਚੁਣੀਆਂ ਜਿਨ੍ਹਾਂ ਦੇ ਗਾਉਣ ਦੀ ਧਾਰਨਾ, ਪੁਰਾਣੇ ਯੋਧਿਆਂ ਦੀਆਂ ਵਾਰਾਂ ਦੇ ਅਨੁਸਾਰ ਰਬਾਬੀਆਂ ਨੂੰ ਦਸੀਆਂ । ਪੁਰਾਣੀਆਂ ਵਾਰਾਂ ਦੇ ਪਤੇ, ਵਾਰਾਂ ਦੇ ਮੁਢ ਲਿਖੇ । ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਢਾਡੀਆਂ ਤੋਂ ਇਹ ਨੌਂ ਧੁਨੀਆਂ, 'ਵੀਰ ਰਸੁ' ਦੀ ਵਿਧੀ ਲਈ ਗਵਾਈਆਂ, ਜੋ ਹੁਣ ਤੀਕ ਟਕਸਾਲੀ ਰਾਗੀ, ਰਬਾਬੀ ਗਾਉਂਦੇ ਹਨ । ਬਹੁਤ ਲੇਖਕਾਂ ਨੇ ਲਿਖਿਆਂ ਹੈ ਕਿ ਧੁਨੀਆਂ ਛੇਵੇਂ ਸਤਿਗੁਰੂ ਜੀ ਨੇ ਚੜ੍ਹਾਈਆਂ ਹਨ ਪਰ ਇਹ ਗੱਲ ਅਸਤਯ ਹੈ: (ਮਹਾਨਕੋਸ਼, ਪੰਨਾ 669) ਨੌਂ ਧੁਨੀਆਂ ਇਹ ਹਨ :-

## ਮਾਝ ਦੀ ਵਾਰ :

'ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ।' ਮਲਿਕ ਜਾਤਿ ਦਾ, 'ਮੁਰੀਦ ਖਾਨ' ਤੇ ਸੋਹੀ ਜਾਤਿ ਦਾ ਚੰਦ੍ਰਹੜਾ ਦੋਵੇਂ, ਅਕਬਰ ਦੇ ਫੌਜੀ ਸਰਦਾਰ, ਆਪੋ ਵਿਚ ਵਿਰੋਧ ਰਖਦੇ ਸਨ । ਇਕ ਵਾਰ ਬਾਦਸ਼ਾਹ ਨੇ ਸਰਹੱਦੀ ਮੁਹਿੰਮ ਤੇ ਮਲਿਕ ਨੂੰ ਤੋਰ ਦਿਤਾ । ਮਲਿਕ ਨੇ ਵੈਰੀ ਨੂੰ ਜਿੱਤ ਕੇ ਮੁਲਕ ਪੁਰ ਕਬਜ਼ਾ ਕਰ ਲਿਆ, ਤੇ ਅਮਨ ਕਾਇਮ ਕਰਨ ਲਈ ਕੁੱਝ ਸਮਾਂ ਉਥੇ ਠਹਿਰਿਆ । ਚੰਦ੍ਰਹੜਾ ਨੇ ਚਲਾਕੀ ਨਾਲ ਬਾਦਸ਼ਾਹ ਨੂੰ ਇਹ ਜਤਾਇਆ ਕਿ ਮਲਿਕ ਮੁਲਕ ਤੇ ਕਾਬਿਜ਼ ਹੋ ਕੇ ਬਾਗੀ ਹੋ ਗਿਆ ਹੈ ਬਾਦਸ਼ਾਹ ਨੇ ਮਲਿਕ ਦੇ ਹੋਸ਼ ਟਿਕਾਣੇ ਕਰਨ ਲਈ ਚੰਦ੍ਰਹੜਾ ਨੂੰ ਭੇਜਿਆ । ਦੋਵੇਂ ਯੋਧੇ ਮੈਦਾਨੇ - ਜੰਗ ਵਿਚ ਕੱਟ ਕੇ ਮਰ ਗਏ । ਢਾਡੀਆਂ ਨੇ ਉਨ੍ਹਾਂ ਦੀ ਵਾਰ ਇਸ ਵਜ਼ਨ ਵਿਚ ਬਣਾਈ :-

"ਕਾਬੁਲ ਵਿਚ ਮੁਰੀਦ ਖਾਂ, ਫੜਿਆ ਬ਼ਡ ਜੋਰ ।
ਚੰਦ੍ਰਹੜਾ ਲੈ ਫੌਜ ਕੋ, ਚੜਿਆ ਬਡ ਤੋਰ ।
ਦੁਹਾਂ ਕੰਧਾਰਾਂ ਮੁਹ ਜੁੜੇ, ਦਮਾਮੇ ਦੌਰ ।
ਹੋਲੀ ਖੇਲੇ ਚੰਦ੍ਰਹੜਾ, ਰੰਗ ਲਗੇ ਸੋਰ ।
ਦੋਵੇ ਤਰਫਾਂ ਜੁਟੀਆਂ, ਸਰ ਵਗਨ ਕੋਰ ।
ਮੈ ਭੀ ਰਾਇ ਸਦਾਇਸਾਂ, ਵੜਿਆ ਲਾਹੌਰ ।
ਦੋਵੇ ਸੂਰੇ ਸਾਹਮਣੇ, ਜੂਝੇ ਉਸ ਠੌਰ ।"

ਇਸ ਨਾਲ ਅੱਠ ਤੁਕੀ ਪਉੜੀ ਮਾਝ ਵਾਰ ਦੀ ਦੇਖੋ :-

"ਤੂੰ ਕਰਤਾ ਪੁਰਖੁ ਅਗੰਮੁ ਹੈ, ਆਪਿ ਸ੍ਰਿਸਟਿ ਉਪਾਤੀ ॥"
(ਪੰਨਾ 138)

## ਗਉੜੀ ਦੀ ਵਾਰ ਮਹਲਾ ੫

ਰਾਇ ਕਮਾਲ ਦੀ ਮੋਜਦੀ ਕੀ
ਵਾਰ ਕੀ ਧੁਨੀ ਉਪਰਿ ਗਾਵਣੀ ।

ਵਾਰ ਦੇਸ਼ ਦੇ ਮਾਲਿਕ, 'ਕਮਾਲੱਦੀਨ' ਨੇ ਆਪਣੇ ਭਾਈ ਨੂੰ ਛਲ ਨਾਲ ਜ਼ਹਿਰ ਦੇ ਕੇ ਮਾਰ ਦਿਤਾ । ਉਸ ਦੀ ਇਸਤ੍ਰੀ ਨਾਬਾਲਿਗ ਮੁਅੱਜੁਦੀਨ ਨੂੰ ਲੈ ਕੇ ਪੇਕੇ ਘਰ ਜਾ ਰਹੀ, ਜਦ ਮੁਅੱਜੁਦੀਨ ਜਵਾਨ ਹੋਇਆ, ਤਦ ਨਾਨਕਿਆਂ

ਦੀ ਭਾਰੀ ਜਮਾਤ ਨਾਲ ਲੈ ਕੇ ਆਪਣੇ ਚਾਚੇ ਨੂੰ, ਜੰਗ ਲਈ ਵੰਗਾਰਿਆ, ਅਰ ਅਜੇਹੀ ਬਹਾਦਰੀ ਨਾਲ ਲੜਿਆ ਕਿ, 'ਕਮਾਲੱਦੀਨ' ਨੂੰ ਸੰਸਾਰ ਤਿਆਗਣਾ ਪਿਆ । ਢਾਡੀਆਂ ਨੇ ਇਸ ਜੰਗ ਦੀ ਵਾਰ ਇਸ ਵਜ਼ਨ ਪੁਰ ਗਾਈ :-

"ਰਾਇ ਕਮਾਲ ਦੀ", ਰਣ ਭਾਰਾ ਬਾਹੀ ॥
ਮੌਜਦੀ ਤਲਵੰਡੀਓਂ ਚੜਿਆ, ਸਾਬਾਹੀ ਢਾਲੀ ।
ਢਾਲੀ ਅੰਬਰ ਛਾਇਆ, ਫੁਲੇ ਅੱਕ ਰਾਹੀ ।
ਜੁੱਟੇ ਆਹਮੋ ਸਾਹਮਣੇ, ਨੇਜ਼ੇ ਝਲਕਾਂਹੀ ॥
ਮੌਜੇ ਘਰ ਵਾਧਾਈਆਂ, ਘਰ ਚਾਚੇ ਧਾਹੀ ।

ਇਸ ਨਾਲ ਧੁਨੀ ਮਿਲਾਉਣ ਲਈ, ਪੰਜ ਤੁਕੀ ਪਉੜੀ ਗਾਉੜੀ ਵਾਰ ਦੀ ਦੇਖੋ :-

"ਜੋ ਤੁਧੁ ਭਾਵੈ ਸੋ ਭਲਾ, ਸਚੁ ਤੇਰਾ ਭਾਣਾ ॥
(ਪੰਨਾ 318)

## ਆਸਾ ਦੀ ਵਾਰ

ਟੁੰਡੇ ਅਸਰਾਜੈ ਕੀ ਧੁਨੀ । ਸਾਰੰਗ ਦੇ ਪੁੱਤ ਅਸਰਾਜ ਪੁਰ ਉਸ ਦੀ ਮਤਰੇਈ ਮਾਂ ਮੋਹਿਤ ਹੋ ਗਈ । ਉਸ ਨੇ ਆਪਣੀ ਮੰਦ ਭਾਵਨਾ ਪ੍ਰਗਟ ਕੀਤੀ । ਪਰ ਧਰਮਾਤਮਾ ਅਸਰਾਜ ਨੇ ਦ੍ਰਿੜਤਾ ਨਾਲ ਧਰਮ ਪਾਲਿਆ । ਮਤਰੇਈ ਨੇ ਵਿਸ਼ਯ ਲੰਪਟ ਰਾਜੇ ਨੂੰ ਭੜਕਾਕੇ, ਪੁੱਤ ਤੇ ਅਯੋਗ ਕਲੰਕ ਲਾਇਆ । ਉਸ ਦੇ ਹੱਥ ਕਟਵਾਕੇ ਦੇਸੋਂ ਕਢਵਾ ਦਿੱਤਾ । ਦੇਵ ਯੋਗ ਨਾਲ ਟੁੰਡਾ-ਅਸਰਾਜ, ਵਿਦੇਸ ਵਿੱਚ ਜਾ ਆਪਣੇ ਸ਼ੁਭ ਗੁਣਾ ਦੁਵਾਰਾ ਸਭ ਸੰਪਦਾ ਸਹਿਤ ਹੋ ਗਿਆ । ਜਦ ਪਿਤਾ ਨੂੰ ਸਮਾਂ ਪਾ ਕੇ ਅਸਰਾਜ ਨੇ ਫਤੇਹ ਪਾ ਕੇ ਪਿਤਾ ਦੇ ਚਰਣਾ ਪੁਰ ਪਰਣਾਮ ਕੀਤਾ । ਸਾਰੰਗ ਨੇ ਆਪਣੀ ਪਿਛਲੀ ਕਰਤੂਤ ਪੁਰ ਲੱਜਿਤ ਹੋ ਕੇ, ਅਸਰਾਜ ਨੂੰ ਰਾਜ ਸਿੰਘਾਸਨ ਤੇ ਬੈਠਾ ਕੇ, ਆਪ ਇਕਾਂਤ ਵਾਸ ਅਖਤਿਆਰ ਕੀਤਾ । ਇਸ ਘਟਨਾ ਦੀ ਵਾਰ, ਜੋ ਰਚੀ ਗਈ, ਉਸਦੀ ਪਉੜੀ ਇਹ ਹੈ :-

"ਭਬਕਿਆ ਸ਼ੇਰ ਸਰਦੂਲ ਰਾਇ, ਰਣ ਮਾਰੂ ਧੋਜੇ ॥
ਸੁਲਤਾਨ ਖਾਨ ਬਡ ਸੂਰਮੇ, ਵਿਚ ਰਣ ਦੇ ਗੱਜੇ ॥
ਖਤ ਲਿਖੇ ਟੁੰਡੇ ਅਸਰਾਜ ਦੀ, ਸਾਹ ਪਰ ਸੱਜੇ ॥

ਇਸ ਪੰਜ ਤੁਕੀ ਪਉੜੀ ਨਾਲ ਆਸਾ ਦੀ ਵਾਰ ਦੀ ਪਉੜੀ ।

'ਆਪੀਨੈ ਆਪੁ ਸਾਜਿਓ, ਆਪੀਨੈ ਰਚਿਓ ਨਾਉ ॥
(ਪੰਨਾ :463)

## ਗੂਜਰੀ ਦੀ ਵਾਰ

"ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ ॥"

ਸਿਕੰਦਰ ਤੇ ਇਬਰਾਹੀਮ ਦੋ ਇਕੋ ਹੀ ਖਾਨਦਾਨ ਦੇ ਰਈਸ ਸਨ ।ਇਬਰਾਹੀਮ ਨੇ ਕਿਸੇ ਦੀ ਕੰਨਯਾ ਦਾ ਧਰਮ ਭੰਗ ਕਰਨਾ ਚਾਹਿਆ । ਕੰਨਯਾ ਦਾ ਪਿਤਾ ਸਿਕੰਦਰ ਦੀ ਸ਼ਰਣ ਵਿਚ ਆ ਗਿਆ, ਅਰ ਇਬਰਾਹੀਮ ਦਾ ਅਤਿਆਚਾਰ ਦਸਿਆ । ਸਿਕੰਦਰ ਸੈਨਾ ਲੈ ਕੇ ਇਬਰਾਹੀਮ ਪਰ ਚੜ੍ਹਿਆ, ਤੇ ਜੰਗ ਜਿਤ ਕੇ ਇਬਰਾਹੀਮ ਨੂੰ ਕੈਦੀ ਕਰ ਲਿਆ । ਅੰਤ ਨੂੰ ਇਬਰਾਹੀਮ ਨੇ ਆਪਣੇ ਜੀਵਨ ਨੂੰ ਸੁਧਾਰਨ ਦਾ ਪ੍ਰਣ ਕਰਕੇ, ਸਿਕੰਦਰ ਤੋਂ ਛੁਟਕਾਰਾ ਪਾਇਆ । ਇਸ ਪਰੰਪਰਾ ਦੀ ਵਾਰ, ਜੋ ਬਣੀ, ਉਸ ਦੀ ਪਉੜੀ ਇਹ ਹੈ :-

"ਪਾਪੀ ਖਾਨ ਬਿਰਾਮ ਪੁਰ, ਚੜ੍ਹਿਆ ਸਿਕੰਦਰ ॥
ਭੇੜ ਦੋਹਾਂ ਦਾ ਮੱਚਿਆ, ਬਡ ਰਣ ਦੇ ਅੰਦਰ ॥
ਫੜਿਆ ਖਾਨ ਬਿਰਾਮ ਨੂੰ, ਕਰ ਬਡ ਆਡੰਬਰ ॥
ਬੱਧਾ ਸੰਗਲ ਪਾਇ ਕੇ, ਜਿਉ ਕਿੱਲੇ ਬੰਦਰ ॥
ਅਪਣਾ ਹੁਕਮ ਮਨਾਇ ਕੇ, ਛਡਿਆ ਜਗ ਅੰਦਰ ॥"

ਇਸ ਪੰਜ ਤੁਕੀ ਪਉੜੀ ਨਾਲ, ਗੂਜਰੀ ਦੀ ਵਾਰ ਦੀ ਪੰਜ ਤੁਕੀ ਪਉੜੀ ਦੇਖੋ :

"ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ ॥"
(ਪੰਨਾ 509)

## ਵਡਹੰਸ ਕੀ ਵਾਰ :

"ਲਲਾਂ ਬਹਿਲੀਮਾ ਕੀ ਧੁਨੀ ।"

ਲਲਾ ਤੇ ਬਹਿਲੀਮਾ, ਪੜੋਸੀ ਪਹਾੜੀ ਰਾਜੇ ਸਨ । ਲਲਾ ਦਾ ਇਲਾਕਾ ਖੁਸ਼ਕ, ਅਰ ਬਹਿਲੀਮ ਦਾ ਸਰ, ਸਬਜ਼ ਸੀ । ਇਕ ਵਾਰ ਬਰਸਾਤ ਘਟ ਹੋਣ ਕਰਕੇ ਲਲਾ ਨੇ, ਬਹਿਲੀਮ ਤੋਂ ਨਿੱਤ ਵਹਿਣ ਵਾਲੀ ਕੂਲ ਦਾ ਪਾਣੀ ਮੰਗਿਆ, ਅਰ ਪੈਦਾਵਾਰ ਦਾ ਛੇਵਾਂ ਹਿਸਾ ਦੇਣਾ ਕੀਤਾ । ਪਰ ਫਸਲ ਤਿਆਰ ਹੋਣ ਪਰ ਲਲਾ, ਬਚਨੋ ਫਿਰ ਗਿਆ । ਜਿਸ ਪੁਰ ਦੋਹਾਂ ਦਾ ਯੁੱਧ ਹੋਇਆ । ਅਰ ਫਤੇ ਬਹਿਲੀਮ ਦੇ ਹਿਸੇ ਆਈ । ਉਸ ਦੀ ਵਾਰ ਦੀ ਪਉੜੀ ਇਉਂ ਹੈ :-

"ਕਾਲ ਲਲਾ ਦੇ ਦੇਸ ਦਾ , ਖੋਇਆ ਬਹਿਲੀਮਾ ॥
ਹਿੱਸਾ ਛਟਾ ਮਨਾਇਕੈ, ਜਲ ਨਹਿਰੋ ਦੀਮਾ ।
ਫਿਰਾਹੂਨ ਹੁਇ ਲਲਾ ਨੇ, ਰਣ ਮੰਡਿਆ ਧੀਮਾ ।
ਭੇੜ ਦੁਹੂੰ ਦਿਸ ਮਚਿਆ, ਸਟ ਮਈ ਅਜੀਮਾ ॥
ਸਿਰ ਧੜ ਡਿਗੇ ਖੇਤ ਵਿਚ, ਜਿਓ ਵਾਹਣ ਢੀਮਾ ॥
ਮਾਰ ਲਲਾ ਬਹਿਲੀਮ ਨੇ, ਰਣ ਮੇ ਧਰ ਸੀਮਾ ॥"

ਇਸ ਛੀ ਤੁਕੀ ਪੌੜੀ ਨਾਲ ਗੁਰੂ ਸਾਹਿਬ ਨੇ, ਗੁਜਰੀ ਵਾਰ ਦੀ ਛੇਤੁਕੀ ਪਉੜੀ ਦੀ ਧੁਨੀ ਮਿਲਾਈ :-

"ਤੂੰ ਆਪੇ ਹੀ ਆਪਿ ਆਪਿ ਹੈ,
ਆਪਿ ਕਾਰਣੁ ਕੀਆ ॥" (ਪੰਨਾ 585)

## ਰਾਮਕਲੀ ਕੀ ਵਾਰ, ਮਹਲਾ ੩

"ਜੋਧੈ ਵੀਰੈ ਪੂਰਬਾਣੀ ਕੀ ਧੁਨੀ ॥"

ਪੂਰਬਾਣੀ ਰਾਜਪੂਤ ਦੇ ਪੁੱਤਰ, ਜੋਧ ਤੇ ਵੀਰ ਮਸ਼ਹੂਰ ਧਾੜਵੀ ਸਨ । ਇਹਨਾਂ ਨੂੰ ਕਈ ਵੇਰ ਅਕਬਰ ਨੇ ਸ਼ਾਹੀ ਨੌਕਰ ਹੋਣ ਲਈ ਆਖਿਆ, ਪਰ ਇਹਨਾਂ ਸਦਾ ਹੀ ਇਕੋ ਕਰਾਰਾ ਉਤਰ ਦਿੱਤਾ ਕਿ, 'ਅਸੀਂ ਉਹ ਰਾਜਪੂਰ ਨਹੀਂ, ਜੋ ਧੀਆਂ ਵੇਚ ਕੇ ਤੇਰੀ ਗੁਲਾਮੀ ਕਰਨ ਵਾਲੇ ਹਨ ।'

ਇਹ ਢੁੱਕਵੀਂ ਗੱਲ ਸੁਣ ਕੇ, ਅਕਬਰ ਨੇ ਇਹਨਾਂ ਦੀ ਆਕੜ ਭੰਨਣ ਲਈ ਫੌਜ ਭੇਜੀ, ਪਰ ਦੋਵੇਂ ਭਾਈ ਬੜੀ ਹੀ ਬਹਾਦਰੀ ਨਾਲ ਮੁਕਾਬਲਾ ਕਰਕੇ ਲੜ ਮੋਏ । ਭੱਟਾਂ ਨੇ ਇਸ ਵਜ਼ਨ ਦੀ ਵਾਰ ਬਣਾਈ :-

"ਜੋਧ ਵੀਰ ਪੂਰਬਾਣੀਏ, ਦੋ ਗਲਾਂ ਕਰੀ ਕਰਾਰੀਆਂ ॥
ਫੌਜ ਚੜਾਈ ਬਾਦਸ਼ਾਹ, ਅਕਬਰ ਰਣ ਭਾਰੀਆਂ ॥
ਸਨਮੁਖ ਹੋਏ ਰਾਜਪੂਤ, ਸ਼ਤਰੀ ਰਣ ਕਾਰੀਆਂ ॥
ਧੂਹ ਮਿਆਨੋ ਕਢੀਆਂ, ਬਿਜੁੱਲ ਚਮਕਾਰੀਆਂ ॥
ਇੰਦਰ ਸਣ ਅਪਛੱਰਾਂ, ਮਿਲ ਕਰਨ ਜੁਹਾਰੀਆਂ ॥
ਇਹੀ ਕੀਤੀ ਜੋਧ ਵੀਰ, ਪਾਤਸਾਹੀ ਗਲਾਂ ਸਾਰੀਆਂ ॥"

ਇਸ ਛੀ ਤੁਕੀ ਪੌੜੀ ਨਾਲ ਰਾਮਕਲੀ ਦੀ ਛੀ ਤੁਕੀ ਪਉੜੀ ਦੀ ਧੁਨਿ ਮਿਲਾਈ :-

"ਸਚੈ ਤਖਤੁ ਰਚਾਇਆ, ਬੈਸਣ ਕਉ ਜਾਂਈ ।"
(ਪੰਨਾ 947)

## ਸਾਰੰਗ ਕੀ ਵਾਰ ਮਹਲਾ ੪

'ਰਾਇ ਮਹਿਮੇ ਹਸਨੇ ਕੀ ਧੁਨਿ ।'

ਮਹਿਮਾ, ਹਸਨਾ ਭੱਟੀ ਰਾਜਪੂਤ ਸਨ । ਹਸਨਾ ਸ਼ਾਹੀ ਮੁਲਾਜ਼ਮ ਸੀ । ਪਰ ਕਿਸੇ ਅਪਰਾਧ ਤੋਂ ਮੌਕੂਫ ਹੋ ਗਿਆ ਅਤੇ ਭਜ ਕੇ ਮਹਿਮੇ ਦੀ ਪਨਾਹ ਲਈ । ਮਹਿਮੇ ਨੇ ਉਸ ਨੂੰ ਆਪਣਾ ਪ੍ਰਧਾਨ ਥਾਪਿਆ ਤੇ ਸ਼ਾਹੀ ਟੈਕਸ ਅਦਾ ਕਰਨ ਲਈ ਉਥੇ, ਉਸੇ ਨੂੰ ਹੀ ਭੇਜਦਾ ਰਿਹਾ । ਹਸਨੇ ਨੇ ਰਾਜ ਕਰ (ਸਰਕਾਰੀ ਮਾਮਲਾ) ਆਪਣੇ ਨਾਮ ਦਾਖਲ ਕਰਵਾ ਕੇ ਮਹਿਮੇ ਨੂੰ ਗੈਰ ਹਾਜਿਰ ਲਿਖਵਾਇਆ । ਮਾਮਲਾ ਨਾ ਦੇਣ ਦੇ ਅਪਰਾਧ ਵਿਚ ਮਹਿਮਾ ਸ਼ਾਹੀ ਫੌਜ ਨਾਲ ਹਸਨੇ ਨੂੰ ਕਰਮ ਫਲ ਭੁਗਤਾਉਣ ਲਈ ਭੇਜਿਆ ਗਿਆ । ਮਹਿਮੇ ਨੇ ਫਤੇਹ ਪਾ ਕੇ ਹਸਨਾ ਕੈਦ ਕੀਤਾ ਪਰ ਉਸ ਦੀ ਦੀਨਤਾ ਪੁਰ ਆਪਣੇ ਕਿਰਪਾਲੂ ਸੁਭਾਉ ਅਨੁਸਾਰ, ਹਸਨੇ ਦਾ ਅਪਰਾਧ ਬਖਸ਼ ਦਿਤਾ । ਢਾਡੀਆਂ ਨੇ ਇਸ ਦੀ ਵਾਰ ਰਚੀ :-

" ਮਹਿਮਾ ਹਸਨਾ ਰਾਜਪੂਤ, ਰਾਇ ਭਾਰੇ ਭੱਟੀ ॥
ਹਸਨੇ ਬੇਈਮਾਨਗੀ ਨਾਲ, ਮਹਿਮੇਂ ਭੱਟੀ ॥
ਭੇੜ ਦੁਹਾਂ ਦਾ ਮਚਿਆ, ਸਰ ਵਗੈ ਸਫੱਟੀ ॥
ਮਹਿਮੇ ਪਾਈ ਫਤੇ ਰਣ, ਗਲ ਹਸਨੇ ਘੱਟੀ ॥
ਬੰਨ ਹਸਨੇ ਨੂੰ ਛਡਿਆ, ਜੱਸ ਮਹਿਮੇ ਖੱਟੀ ॥"

ਇਸ ਪੰਜ ਤੁਕੀ ਪਉੜੀ ਨਾਲ, ਸਾਰੰਗ ਵਾਰ ਦੀ ਪੰਜ ਤੁਕੀ ਮਿਲਾ ਲਈ ਗਈ :

"ਆਪੇ ਆਪਿ ਨਿਰੰਜਨਾ, ਜਿਨਿ ਆਪੁ ਉਪਾਇਆ ॥"
(ਪੰਨਾ 1237)

## ਮਲਾਰ ਦੀ ਵਾਰ ਮਹਲਾ ੧॥

"ਰਾਣੈ ਕੈਲਾਸ ਤਥਾ ਮਾਲਦੇ ਕੀ ਧੁਨੀ ॥"

ਰਾਣਾ ਕੈਲਾਸ਼ ਦੇਵ ਅਤੇ ਮਾਲ ਦੇਵ, ਰਾਜਪੂਤ ਦੋਵੇਂ ਸਕੇ ਭਾਈ ਪਹਾੜੀ ਰਈਸ ਸਨ । ਵਡੇ ਭਾਈ ਨੇ ਰਾਜ ਪਾ ਕੇ, ਛੋਟੇ ਭਾਈ ਨਾਲ ਅਯੋਗ ਵਰਤਾਓ ਕੀਤਾ । ਮਾਲ ਦੇਵ ਅਣਖ ਵਾਲਾ ਯੋਧਾ ਸੀ । ਉਸ ਨੇ ਆਪਣੇ ਰਸੂਖ ਨਾਲ ਸੈਨਾ ਅਤੇ ਪਰਜਾ ਨੂੰ ਵਲ ਕਰ ਲੀਤਾ । ਅਰ ਕੈਲਾਸ਼ ਦੇਵ ਨੂੰ ਜੰਗ ਵਿਚ ਸ਼ਕਸ਼ਤ ਦੇ ਕੇ ਰਿਆਸਤ ਦਾ ਪਬੰਧ ਆਪਣੇ ਹੱਥ ਲਿਆ । ਜਦ ਕੈਲਾਸ ਨੇ ਪਛਤਾ ਕੇ, ਭਾਈ ਤੋਂ ਮੁਆਫੀ ਮੰਗੀ, ਤਦ ਭਾਈ ਨੇ ਅੱਧੀ ਰਿਆਸਤ ਉਸ ਦੇ ਹਵਾਲੇ ਕਰ ਦਿਤੀ । ਇਹਨਾਂ ਦਹਾਂ ਰਾਜਪੂਤਾਂ ਦੀ ਵਾਰ ਜੋ ਢਾਡੀਆਂ ਨੇ ਬਣਾਈ ਉਸ ਦਾ ਨਮੂਨਾ ਇਹ ਹੈ :-

"ਧਰਤ ਘੋੜਾ ਪਰਬਤ ਪਲਾਣ, ਸਿਰ ਟੱਟਰ ਅੰਬਰ ॥
ਨੌ ਸੈ ਨਦੀ ਨੜਿੰਨਵੇ, ਰਾਜਾ ਜਲ ਕੰਧਰ ॥

ਢੁੱਕਾ ਰਾਇ ਅਮੀਰ ਦੇ, ਮਰ ਮੇਘ ਆਡੰਬਰ ॥
ਆਨਤ ਖੰਡਾ ਰਾਣਿਆ, ਕੈਲਾਸ਼ੈ ਅੰਬਰ ॥
ਬਿੱਜਲ ਜਯੋਂ ਚਮਕਾਣੀਆ, ਤੇਗਾਂ ਵਿਚ ਅੰਬਰ ॥
ਮਾਲ ਦੇਵ ਕੈਲਾਸ਼ ਨੂੰ, ਬੰਨਿਆਂ ਕਰ ਸੰਘਰ ॥
ਫਿਰ ਅੱਧਾ ਧਨ ਮਾਲ ਦੇ, ਛਡਿਆ ਗੜ ਅੰਦਰ ॥
ਮਾਲ ਦੇਓ ਜੱਸ ਖਟਿਆ, ਜਿਉਂ ਸ਼ਾਹ ਸਿਕੰਦਰ ॥"

ਇਸ ਅੱਠ ਤੁਕੀ ਪਉੜੀ ਨਾਲ ਮਲਾਰ ਵਾਰ ਦੀ ਅੱਠ ਤੁੱਕੀ ਧੁਨਿ ਮਿਲਾਈ :

"ਆਪੀਨੈ ਆਪੁ ਸਾਜਿ, ਆਪੁ ਪਛਾਣਿਆ ॥"
(ਪੰਨਾ 1279)

## ਕਾਨੜੇ ਕੀ ਵਾਰ ਮਹਲਾ ੪

"ਮੂਸੇ ਕੀ ਵਾਰ ਕੀ ਧੁਨੀ ॥"

ਮੂਸਾ ਰਾਠ ਵੱਡਾ ਬਹਾਦਰ ਯੋਧਾ ਸੀ, ਉਸ ਦੀ ਮੰਗ ਕਿਸੇ ਹੋਰ ਨੇ ਵਿਆਹ ਲਈ । ਇਸ ਪੁਰ ਮੂਸਾ ਨੇ ਵੈਰੀ ਨੂੰ ਜੰਗ ਵਿਚ ਕੈਦ ਕਰ ਕੇ ਇਸਤਰੀ ਸਮੇਤ ਘਰ ਲਿਆਂਦਾ । ਪਰ ਇਸਤਰੀ ਤੋਂ ਪੁੱਛਿਆ ਕਿ ਤੇਰਾ ਕੀ ਸੰਕਲਪ ਹੈ ? ਉਸ ਪਤੀ ਵਰਤਾ ਨੇ ਕਿਹਾ ਕਿ, "ਮੈਂ ਉਸ ਦੀ ਇਸਤਰੀ ਰਹਾਂਗੀ ਜਿਸ ਨੇ ਮੈਨੂੰ ਵਿਆਹਿਆ ਹੈ ਅਤੇ ਜਿਸ ਦੇ ਘਰ ਮੈਂ ਵਸ ਚੁਕੀ ਹਾਂ ।

ਮੂਸਾ ਇਹ ਯੋਗਯ ਬਾਤ ਸੁਣ ਕੇ ਅਤੀ ਪ੍ਰਸੰਨ ਹੋਇਆ, ਅਰ ਵੈਰੀ ਨੂੰ ਇਸਤਰੀ ਦੇ ਕੇ ਸਨਮਾਨ ਨਾਲ ਵਿਦਾ ਕੀਤਾ । ਇਹ ਬਹਾਦਰੀ ਦੀ ਵਾਰ, ਜੋ ਢਾਡੀਆਂ ਨੇ ਬਣਾਈ, ਉਸ ਦੀ ਪੌੜੀ ਇਹ ਹੈ :-

"ਤ੍ਰੈ ਸੈ ਸਠ ਮੁਰਾਤਬਾ, ਇਕ ਘੁਰਿਐ ਡੱਗੇ ॥
ਚੜਿਆ ਮੂਸਾ ਪਾਤਸਾਹ, ਸਭ ਸੁਣਿਆ ਜੱਗੇ ॥
ਦੰਦ ਚਿਟੇ ਬਡ ਹਾਥੀਆਂ, ਕਹੁ ਕਿਤ ਵਰੱਗੇ ॥
ਰੁੱਤ ਪਛਾਤੀ ਬਗੁਲਿਆਂ, ਘਟ ਕਾਲੀ ਬੱਗੇ ॥
ਏਹੀ ਕੀਤੀ ਮੂਸਿਆ, ਕਿਨ ਕਰੀ ਨਾ ਅਗੇ ॥"

ਇਸ ਪੰਜ ਤੁਕੀ ਪੌੜੀ ਨਾਲ, ਕਾਨੜੇ ਕੀ ਦੀ ਪੰਜ ਤੁਕੀ ਪੌੜੀ ਦੀ ਧੁਨੀ ਮਿਲਾਕੇ ਸਤਿਗੁਰਾਂ ਨੇ ਗਾਉਣ ਦੀ ਧਾਰਨਾ ਥਾਪੀ :-

"ਤੂੰ ਆਪੇ ਹੀ ਸਿਧ ਸਾਧਿਕੋ,
ਤੂੰ ਆਪੇ ਹੀ ਜੁਗ ਜੋਗੀਆ ।" (ਪੰਨਾ 1313)

(ਮਹਾਨਕੋਸ਼ ਪੰਨਾ 669-670)

# ਪੁਸਤਕ ਚਰਚਾ-ਗੁਰਬਾਣੀ ਸੰਗੀਤ ਬੋਧ

**ਲੇਖਕ ਤੇ ਪ੍ਰਕਾਸ਼ਕ : ਅਮਰਜੀਤ ਕੌਰ,**

**283/265ਵਿਸ਼ਨੂੰ ਗਾਰਡਨ ਐਕਸਟੈਨਸ਼ਨ ਨਵੀਂ ਦਿੱਲੀ-110018**

ਪੰਜਾਬੀ ਵਿਚ ਸੰਗੀਤ ਬਾਰੇ ਅਤੇ ਇਸ ਦੇ ਵਿਹਾਰਕ ਤੇ ਤਕਨੀਕੀ ਵਿਸ਼ਲੇਸ਼ਨ ਬਾਰੇ ਪ੍ਰਾਪਤ ਪੁਸਤਕਾਂ ਦੀ ਗਿਣਤੀ ਬਹੁਤ ਘੱਟ ਹੈ । ਸੰਗੀਤ ਦੇ ਵਿਦਿਆਰਥੀਆਂ, ਸ਼ੌਕੀਆਂ ਸਿਖਾਂਦਰੂਆਂ ਜਾਂ ਜਾਣਕਾਰੀ ਦੀ ਪੱਧਰ 'ਤੇ ਲਗਾਓ ਰਖਣ ਵਾਲਿਆਂ ਨੂੰ ਅਕਸਰ ਹਿੰਦੀ ਜਾਂ ਸੰਸਕ੍ਰਿਤ ਦੀਆਂ ਪੁਸਤਕਾਂ ਉਤੇ ਹੀ ਟੇਕ ਰੱਖਣੀ ਪੈਂਦੀ ਹੈ ।

ਅਮਰਜੀਤ ਕੌਰ ਹੋਰਾਂ ਦੀ ਪੁਸਤਕ 'ਗੁਰਬਾਣੀ ਸੰਗੀਤ ਬੋਧ' ਇਸ ਦਿਸ਼ਾ ਵਿਚ ਇਕ ਮੁੱਲਵਾਨ ਤੇ ਵਿਹਾਰਕ ਪੁਸਤਕ ਹੈ ਜੋ ਵਿਦਿਆਰਥੀਆਂ ਅਤੇ ਸੰਗੀਤ ਸਿਖਿਆ ਦੇ ਜਗਿਆਸੂਆਂ ਲਈ ਬੜੀ ਲਾਭਦਾਇਕ ਸਾਬਤ ਹੋਈ ਹੈ ।

ਇਸ ਪੁਸਤਕ ਦਾ ਸਭ ਤੋਂ ਮਹੱਤਵਪੂਰਨ ਸਰੋਕਾਰ ਗੁਰਬਾਣੀ ਸੰਗੀਤ ਦਾ ਬੋਧ ਕਰਾਉਣਾ ਹੈ । ਸੰਗੀਤ ਰੂਹ ਦੀ ਖ਼ੁਰਾਕ ਹੈ । ਗੁਰਬਾਣੀ ਮਨੁੱਖੀ ਮਨ ਦੀ ਟੇਕ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਦੋਵਾਂ ਦਾ ਸੁਮੇਲ ਮਨੁੱਖ ਜਾਤੀ ਲਈ ਵਰਦਾਨ ਹੈ, ਇਸੇ ਵਰਦਾਨ ਦਾ ਕ੍ਰਿਸ਼ਮਾ ਹੈ ਕਿ ਸੰਸਾਰ ਵਿਚ ਜਿਸ ਨੇ ਵੀ ਗੁਰਬਾਣੀ ਨੂੰ ਆਤਮਸਾਤ ਕੀਤਾ ਹੈ, ਉਸ ਨੇ ਜੀਵਨ ਨੂੰ ਸਹਿਜ, ਸੂਹਜ ਤੇ ਸੁੱਜ ਨਾਲ ਜੀਵਿਆ ਹੈ ।

ਗੁਰਬਾਣੀ ਦਾ ਪਾਠ ਜੇ ਕੋਈ ਸਾਧਾਰਨ ਵਿਅਕਤੀ ਵੀ ਕਰਦਾ ਹੈ ਤਾਂ ਜਿਥੇ ਉਹ ਇਸ ਦੇ ਵਿਸ਼ਾ-ਵਸਤੂ ਤੋਂ ਲਾਭ ਉਠਾਉਂਦਾ ਹੈ, ਉਥੇ ਇਸ ਦੀ ਰਾਗਾਤਮਿਕਤਾ ਤੋਂ ਵੀ ਆਨੰਦਤ ਹੁੰਦਾ ਹੈ ਅਤੇ ਜਦੋਂ ਕੋਈ ਸੰਗੀਤ ਦਾ ਮਾਹਰ ਸਾਜ਼ਾਂ ਦੀ ਸਹਾਇਤਾ ਨਾਲ ਗੁਰਬਾਣੀ ਦੇ ਸ਼ਬਦ ਗਾਉਂਦਾ ਹੈ ਤਾਂ ਸਰੋਤੇ ਆਨੰਦ ਦੀ ਅਸੀਮਤਾ ਦਾ ਅਨੁਭਵ ਕਰਦੇ ਹਨ ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਰਾਗ ਮਾਲਾ ਵੀ ਸ਼ਾਮਲ ਹੈ । ਇਸੇ ਪਰਿਧੀ ਵਿਚ ਲੇਖਕਾ ਨੇ ਸੰਗੀਤ ਬੋਧ ਦੇ ਮੁਖ ਸਿਰਲੇਖ ਹੇਠ ਸੰਗੀਤ ਦੀਆਂ ਪੱਧਤੀਆਂ, ਚਿੰਨ੍ਹ, ਧੁਨੀ, ਨਾਦ, ਸੁਰ, ਸਪਤਕ, ਆਰੋਹ, ਅਵਰੋਹ, ਪਕੜ, ਥਾਟ, ਹਿੰਦੁਸਤਾਨੀ ਸੰਗੀਤ ਪੱਧਤੀ ਦੇ ਦਸ ਥਾਟ, ਰਾਗਾਂ ਦੀਆਂ ਜਾਤੀਆਂ, ਆਸ਼ਰਿਤ ਰਾਗ, ਸੰਵਾਦੀ, ਅਨੁਵਾਦੀ ਤੇ ਵਿਵਾਦੀ ਸੁਰਾਂ ਤੋਂ ਇਲਾਵਾ ਤਾਲ ਦਾ ਵੀ ਵੇਰਵੇ ਸਹਿਤ ਵਰਨਣ ਕੀਤਾ ਹੈ । 10 ਰਾਗਾਂ ਨੂੰ ਆਲੰਕਾਰ ਦੇ ਦਾਇਰੇ ਵਿਚ ਰੱਖ ਕੇ ਵਿਆਖਿਆਉਣ ਦੀ ਚੇਸ਼ਟਾ ਕੀਤੀ ਹੈ ।

10 ਪ੍ਰਚਲਤ ਰਾਗਾਂ ਦੇ ਥਾਟ ਨੂੰ ਪ੍ਰੀਚਿਤ ਕਰਾਉਂਦੇ ਸਮੇਂ ਉਹਨਾਂ ਨਾਲ ਆਪਸੀ ਸਬੰਧਾਂ, ਉਪ-ਰਾਗਾਂ ਜਾਂ ਰਾਗਣੀਆਂ ਦੀ ਜਾਣਕਾਰੀ ਨੂੰ ਵੀ ਅੰਗ-ਸੰਗ ਰਖਿਆ ਹੈ ।

ਸੰਗੀਤ ਦੇ ਵਿਦਿਆਰਥੀ ਜਾਣਦੇ ਹਨ ਕਿ ਗਾਇਨ, ਵਾਦਨ ਤੇ ਨਾਚ, ਇਨ੍ਹਾਂ ਤਿੰਨਾਂ ਕਲਾਵਾਂ ਦੇ ਸਮਾਵੇਸ਼ ਨੂੰ ਸੰਗੀਤ ਕਿਹਾ ਜਾਂਦਾ ਹੈ ਨਾਚ ਵਾਸਤਵ ਵਿਚ ਵਾਦਨ ਦੇ ਅਧੀਨ ਹੁੰਦਾ ਹੈ ਅਤੇ ਵਾਦਨ ਗਾਇਨ ਦੇ ਅਧੀਨ ਹੁੰਦਾ ਹੈ । ਭਾਰਤ ਵਿਚ ਸੰਗੀਤ ਦੀਆਂ ਦੋ ਪੱਧਤੀਆਂ ਪ੍ਰਚੱਲਤ ਹਨ :

1. ਦੱਖਣੀ ਸੰਗੀਤ ਪੱਧਤੀ ਅਥਵਾ ਕਰਨਾਟਕ ਸੰਗੀਤ ਪੱਧਤੀ-
2. ਉਤਰੀ ਅਥਵਾ ਹਿੰਦੂਸਤਾਨੀ ਸੰਗੀਤ ਪੱਧਤੀ ।

ਇਸ ਪੁਸਤਕ ਵਿਚ ਰਾਗ, ਸੁਰ, ਥਾਟ, ਸਪਤਕ, ਗਾਇਨ ਸ਼ੈਲੀਆਂ, ਲਿੱਪੀਆਂ ਪਰਿਭਾਸ਼ਾਵਾਂ ਅਤੇ ਸ਼ਬਦਾਂ ਦਾ ਕਾਵਿ-ਪਾਠ ਤੇ ਉਸ ਦੀ ਰਾਗ ਸਹਿਤ ਗਾਇਨ ਵਿਧੀ ਦੇ ਵਿਸਤ੍ਰਿਤ ਵੇਰਵੇ ਅੰਕਿਤ ਹਨ । ਇਸ ਪੁਸਤਕ ਦੇ ਦੋ ਭਾਗ ਮੰਨੇ ਜਾਣੇ ਚਾਹੀਦੇ ਹਨ । ਪਹਿਲਾ ਸਿਧਾਂਤਕ ਤੇ ਦੂਜਾ ਵਿਹਾਰਕ । ਇਸ ਪੁਸਤਕ ਵਿਚ ਸਹਿਜ-ਸਰਲ ਮੁਹਾਵਰੇ ਵਿਚ ਏਨੀ ਸੁਹਣੀ ਤੇ ਨੇਮਾਂਵਲੀ ਅਨੁਕੂਲ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ, ਕਿ ਸਿਖਾਂਦਰੂ ਜੇ ਉਸ ਕੋਲ ਬੁਨਿਆਦੀ ਜਾਣਕਾਰੀ ਹੈ ਤਾਂ ਇਸ ਪੁਸਤਕ ਦੀ ਸਹਾਇਤਾ ਨਾਲ ਆਪ ਹੀ ਗੁਰਬਾਣੀ ਗਾਇਨ ਦਾ ਸ਼ੁਧ ਬੋਧ ਪ੍ਰਾਪਤ ਕਰ ਸਕਦਾ ਹੈ । ਇਸ ਪੁਸਤਕ ਦੀ ਸਰਲ ਸਪੱਸ਼ਟ ਅਭਿਵਿਅਕਤੀ ਤੋਂ ਸਿੱਧ ਹੁੰਦਾ ਹੈ ਕਿ ਲੇਖਕਾ ਕੋਲ ਇਸ ਵਿਸ਼ੇ ਸਬੰਧੀ ਭਰਪੂਰ ਅਨੁਭਵ ਤਾਂ ਹੈ ਹੀ, ਅਧਿਆਪਨ ਦੀ ਸੰਵੇਦਨਾਪਰਕ ਵਿਹਾਰਕ ਅੰਤਰ ਦ੍ਰਿਸ਼ਟੀ ਨੇ ਉਹਨਾਂ ਦਾ ਰਚਨਾਤਮਕ ਮਾਰਗ ਦਰਸ਼ਨ ਵੀ ਕੀਤਾ ਹੈ । ਅਜਿਹੀ ਮੁੱਲਵਾਨ ਤੇ ਮਿਹਨਤ ਨਾਲ ਤਿਆਰ ਕੀਤੀ ਪੁਸਤਕ ਨੂੰ ਪੰਜਾਬੀ ਅਕਾਦਮੀ ਦਿੱਲੀ ਵਲੋਂ ਮਾਇਕ ਸਹਾਇਤਾ ਦਾ ਦਿੱਤਾ ਜਾਣਾ, ਚੰਗਾ ਉਦਮ ਹੈ । ਇਸ ਪੁਸਤਕ ਦੀ ਦਿੱਖ ਤੇ ਪ੍ਰਕਾਸ਼ਨਾ ਵੀ ਧਿਆਨ ਆਕ੍ਰਸ਼ਿਤ ਕਰਦੀ ਹੈ ।

**ਡਾ. ਹਰਚੰਦ ਸਿੰਘ ਬੇਦੀ**

# ਨੋਟੇਸ਼ਨ ਵਾਲੇ ਸ਼ਬਦ ਦੇ ਅਰਥ

## ਪ੍ਰਿੰ. ਸਾਹਿਬ ਸਿੰਘ

ਗਉੜੀ ਗੁਆਰੇਰੀ ਮਹਲਾ ੫ ॥

ਆਨ ਰਸਾ ਜੇਤੇ ਤੈ ਚਾਖੇ ॥ਨਿਮਖ ਨਾ ਤ੍ਰਿਸਨਾ ਤੇਰੀ ਲਾਥੇ ॥
ਹਰਿ ਰਸ ਕਾ ਤੂੰ ਚਾਖਹਿ ਸਾਦੁ ॥ ਚਾਖਤ ਹੋਇ ਰਹਹਿ ਬਿਸਮਾਦੁ ॥੧॥
ਅੰਮ੍ਰਿਤੁ ਰਸਨਾ ਪੀਉ ਪਿਆਰੀ ॥ ਇਹ ਰਸ ਰਾਤੀ ਹੋਇ ਤ੍ਰਿਪਤਾਰੀ ॥੧॥ ਰਹਾਉ ॥
ਹੇ ਜਿਹਵੇ ਤੂੰ ਰਾਮ ਗੁਣ ਗਾਉ ॥ ਨਿਮਖ ਨਿਮਖ ਹਰਿ ਹਰਿ ਹਰਿ ਧਿਆਉ ॥
ਆਨ ਨਾ ਸੁਨੀਐ ਕਤਹੂੰ ਜਾਈਐ ॥ ਸਾਧ ਸੰਗਤਿ ਵਡਭਾਗੀ ਪਾਈਐ ॥ ੨ ॥
ਆਠ ਪਹਰ ਜਿਹਵੇ ਆਰਾਧਿ ॥ ਪਾਰਬ੍ਰਹਮ ਠਾਕੁਰ ਆਗਾਧਿ ॥
ਈਹਾ ਊਹਾ ਸਦਾ ਸੁਹੇਲੀ ॥ ਹਰਿ ਗੁਣ ਗਾਵਤ ਰਸ ਅਮੋਲੀ ॥ ੩ ॥

ਅਰਥ :- ਹੇ (ਮੇਰੀ) ਪਿਆਰੀ ਜੀਭ ! ਤੂੰ ਆਤਮਕ ਜੀਵਨ ਦੇਣ ਵਾਲਾ ਨਾਮ-ਰਸ ਪੀ । ਜੇਹੜੀ ਜੀਭ ਇਸ ਨਾਮ-ਰਸ ਵਿਚ ਮਸਤ ਹੋ ਜਾਂਦੀ ਹੈ, ਉਹ (ਹੋਰ ਰਸਾਂ ਵਲੋਂ) ਸੰਤੁਸ਼ਟ ਹੋ ਜਾਂਦੀ ਹੈ । ੧ । ਰਹਾਉ ।

(ਹੇ ਮੇਰੀ ਜੀਭ! ਪਰਮਾਤਮਾ ਦੇ ਨਾਮ-ਰਸ ਤੋਂ ਬਿਨਾ) ਹੋਰ ਜਿਤਨੇ ਭੀ ਰਸ ਤੂੰ ਚੱਖਦੀ ਰਹਿੰਦੀ ਹੈ, (ਉਹਨਾਂ ਨਾਲ) ਤੇਰੀ ਤ੍ਰਿਸ਼ਨਾ ਅੱਖ ਦੇ ਝਮਕਣ ਸਮੇ ਤਕ ਭੀ ਨਹੀਂ ਦੂਰ ਹੁੰਦੀ । ਜੇ ਤੂੰ ਪਰਮਾਤਮਾ ਦੇ ਨਾਮ-ਰਸ ਦਾ ਸੁਆਦ ਚੱਖੇਂ ਚੱਖਦਿਆਂ ਹੀ ਤੂੰ (ਉਸ ਵਿਚ) ਮਸਤ ਹੋ ਜਾਏਂ ।੧ ।

ਹੇ (ਮੇਰੀ) ਜੀਭ ! ਤੂੰ ਪਰਮਾਤਮਾ ਦੇ ਗੁਣ ਗਾ, ਪਲ ਪਲ ਹਰ ਵੇਲੇ ਪਰਮਾਤਮਾ ਦਾ ਨਾਮ ਸਿਮਰ । (ਜੇ ਦੁਨੀਆਂ ਦੇ ਰਸਾਂ ਵਲੋਂ ਸੰਤੁਸ਼ਟ ਹੋਣਾ ਹੈ, ਤਾਂ ਪਰਮਾਤਮਾ ਦੀ ਸਿਫਤਿ-ਸਾਲਾਹ ਤੋਂ ਬਿਨਾ) ਹੋਰ (ਫਿਕੇ ਬੋਲ) ਨਹੀਂ ਸੁਣਨੇ ਚਾਹੀਦੇ, (ਸਾਧ ਸੰਗਤਿ ਤੋਂ ਬਿਨਾ) ਹੋਰ ਕਿਤੇ (ਵਿਕਾਰ ਪੈਦਾ ਕਰਨ ਵਾਲੇ ਥਾਵਾਂ ਤੇ) ਨਹੀਂ ਜਾਣਾ ਚਾਹੀਦਾ । (ਪਰ) ਸਾਧ ਸੰਗਤਿ ਵਡੇ ਭਾਗਾਂ ਨਾਲ ਹੀ ਮਿਲਦੀ ਹੈ ।੨।

ਹੇ (ਮੇਰੀ) ਜੀਭ ! ਅੱਠੇ ਪਹਰ ਅਥਾਹ (ਗੁਣਾਂ ਵਾਲੇ) ਠਾਕੁਰ ਪਾਰਬ੍ਰਹਮ ਦਾ ਸਿਮਰਨ ਕਰ । ਪਰਮਾਤਮਾ ਦੇ ਗੁਣ ਗਾਂਦਿਆਂ ਜੀਭ ਬੜੀ ਕੀਮਤ ਵਾਲੀ ਬਣ ਜਾਂਦੀ ਹੈ, (ਸਿਮਰਨ ਕਰਨ ਵਾਲੇ ਦੀ ਜ਼ਿੰਦਗੀ) ਇਸ ਲੋਕ ਤੇ ਪਰਲੋਕ ਵਿਚ ਸਦਾ ਸੁਖੀ ਹੋ ਜਾਂਦੀ ਹੈ ।੩।

(ਇਹ ਠੀਕ ਹੈ ਕਿ ਪਰਮਾਤਮਾ ਦੀ ਕੁਦਰਤਿ ਵਿਚ ਸਾਰੀ) ਬਨਸਪਤੀ ਖਿੜੀ ਰਹਿੰਦੀ ਹੈ, ਰੁੱਖਾਂ ਬੂਟਿਆ ਨੂੰ ਫੁੱਲ ਫਲ ਲੱਗੇ ਹੁੰਦੇ ਹਨ, ਪਰ ਜਿਸ ਮਨੁੱਖ ਦੀ ਜੀਭ-ਨਾਮ-ਰਸ ਵਿਚ ਮਸਤ ਹੈ ਉਹ (ਬਾਹਰ-ਦਿੱਸਦੀ ਸੁੰਦਰਤਾ ਨੂੰ ਤੱਕ ਕੇ ਨਾਮ-ਰਸ ਨੂੰ) ਕਦੇ ਨਹੀਂ ਛੱਡਦਾ ।

ਹੇ ਨਾਨਕ ! ਆਖ-ਕਿਸ ਮਨੁੱਖ ਦਾ ਸਹਾਈ ਸਤਿਗੁਰੂ ਬਣਦਾ ਹੈ, (ਉਸ ਦੀਆਂ ਨਜ਼ਰਾਂ ਵਿਚ ਦੁਨੀਆਂ ਵਾਲੇ ਹੋਰ ਕਿਸਮ ਕਿਸਮ ਦੇ ਰਸ (ਪਰਮਾਤਮਾ ਦੇ ਨਾਮ-ਰਸ ਦੀ) ਬਰਾਬਰੀ ਨਹੀਂ ਕਰ ਸਕਦੇ ।੫।੯੪।

# ਗਉੜੀ ਗੁਆਰੇਰੀ

ਪ੍ਰੋ. ਪਰਮਜੋਤ ਸਿੰਘ *

ਸੁਰ - ਰਿਸ਼ਭ ਕੋਮਲ, ਮਧਿਅਮ ਤੀਬਰ, ਬਾਕੀ ਸ਼ੁਧ

ਵਲਜਿਤ ਸੁਰ - ਆਰੋਹ ਵਿੱਚ ਰਿਸ਼ਭ ਅਤੇ ਪੰਚਮ ।
ਅਵਰੋਹ ਵਿੱਚ ਪੰਚਮ

ਜਾਤੀ - ਔੜਵ - ਸ਼ਾੜਵ

ਵਾਦੀ - ਗੰਧਾਰ

ਸੰਵਾਦੀ - ਧੈਵਤ

ਸਮਾਂ - ਸ਼ਾਮ

ਆਰੋਹ - ਸ ਗ ਮੰ ਧ. ਨੀ ਸਂ

ਅਵਰੋਹ - ਸਂ ਨੀ ਧ, ਮੰ ਗ ਰੁੇ ਸ, ਰੁੇ ਗ ਰੁੇ ਸ ਨੀ ।

ਮੁਖ ਅੰਗ - ਸਂ ਨੀ ਧ, ਮੰ ਧ ਮੰ ਗ ਰੁੇ ਸ, ਰੁੇ ਗ ਰੁੇ ਸ ਨੀ ।

ਸੁਰ ਵਿਸਥਾਰ -
1 ·ਸ, ਨੀ ਸ, ਸ ਨੀ ਧ, ਨੀ ਸ, ਸ ਗ ਮੰ ਗ ਰੁੇ ਗ ਰੁੇ ਸ ਨੀ ਸ ।
2. ਸ, ਗ, ਗ ਮੰ ਧ, ਮੰ ਧ ਮੰ ਗ, ਮੰ ਧ ਨੀ ਸਂ, ਨੀ ਸਂ ਰੁੇਂ, ਸਂ ਨੀ ਸਂ ਨੀ ਧ, ਮੰ ਗ, ਮੰ ਗ ਰੁੇ ਸ, ਰੁੇ ਗ ਰੁੇ ਸ ਨੀ, ਸ ।
3. ਗ, ਮੰ ਗ ਮੰ ਧ, ਨੀ ਸਂ, ਸਂ ਸਂ ਗਂ ਮੰ ਗਂ ਰੁੇਂ ਸਂ, ਰੁੇਂ ਗਂ ਰੁੇਂ ਸਂ ਨੀ, ਸਂ, ਸਂ ਨੀ ਧ, ਮੰ ਗ ਮੰ ਧ, ਧ ਮੰ ਗ, ਮੰ ਗ ਰੁੇ ਗ ਰੁੇ ਸ ਨੀ ਸ ।

| ਸਥਾਈ | ਰਾਗ ਗਉੜੀ | ਗੁਆਰੇਰੀ | ਤੀਨ ਤਾਲ |
|---|---|---|---|
| | | | ਗਾ ਮੰ |
| | | | ਅੰਮ੍ਰਿ ਤ |
| ਗਾਮੰ ਧਾ ਮੰਧਾ ਮਗਾ | ਮੰਗਾ ਰੁੇਗਾ ਰੁੇਸਾ ਨੀਸਾ | ਗ – ਰੁੇ – | ਸਾ – – – |
| ਰS ਸ ਨਾS SS | SS ਪੀS SS ਉਪਿ | ਆ S S S | ਰੀ S S S |
| 0 | 3 | x | 2 |
| ਸਾ ਨੀ ਸਾ ਸਾ | ਗਾ – ਮੰ ਧਾ | ਸਾਂ ਨੀ ਧਾ ਮੰ | ਗਾ ਰੁੇ ਗਾ ਮੰ |
| ਇ ਹ ਰ ਸ | ਰਾ S ਤੀ S | ਹੋ ਇ ਤ੍ਰਿ ਪ | ਤਾ ਰੀ ਅੰਮ੍ਰਿ ਰਤ |
| 0 | 3 | x | 2 |
| ਅੰਤਰਾ | | | |
| ਮੰ – ਗਾ ਗਾ | ਮੰ ਮੰ ਧਾ ਧਾ | ਸਾਂ – ਸਾਂ ਸਾਂ | ਸਂ – ਸਾਂ ਸਾਂ |
| ਆ S ਨ ਰ | ਸ S ਜੇ S | ਭੇ S ਭੈ S | ਚਾ S ਖੇ S |
| ਸਾਂ ਨੀ ਧਾ ਮੰ | ਧਾਨੀ ਸਾਂ ਨੀ ਧਾ | ਗਾਮੰ ਧਾ ਮੰ ਗਾ | ਗਾ ਰੇ ਗਾ ਮੰ |
| ਨਿ ਮ ਖ ਨਾ | ਤ੍ਰਿS ਸ ਨਾ S | ਤੇS S ਰੀ S | ਲਾ ਥੰ ਅੰਮ੍ਰਿ ਤ |
| 0 | 3 | x | 2 |

ਬਾਕੀ ਅੰਤਰੇ ਉਪਰੋਕਤ ਅਨੁਸਾਰ

*ਪੀ. ਐਸ. ਬੀ ਕੀਰਤਨ ਅਕੈਡਮੀ
ਗਰੀਨ ਪਾਰਕ ਜਲੰਧਰ

# ਸੰਗੀਤ-ਲਿਪੀ ਚਿੰਨ੍ਹ

| | |
|---|---|
| ਪ | ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ । |
| ਧ̲ | ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ । |
| ਮ' | ਇਹ ਤੀਬਰ ਮਧਿਅਮ ਹੈ । ਸੁਰ ਨ: 7 ਤੀਬਰ ਮਧਿਅਮ ਹੈ । |
| ਪ਼/ਧ਼ | ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ । |
| ਸਂ/ਪਂ | ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ । |
| ਪ— | ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (-) ਹਨ ਉਸ ਨੂੰ ਉਤਨੀਆਂ ਮਾਤਰਾਂ ਤਕ ਗਾਉਣਾ ਹੈ । |
| ਸ਼ਾਂ s | ਜਿਸ ਅੱਖਰ ਅੱਗੇ ਜਿੰਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ । |
| ਧਪ | ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿੱਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿਚ ਗਾਉਣਾ ਹੈ । |
| $\text{ਮ}_{\text{ਪ}}$ | ਜਿਹੜਾ ਸੁਰ ਕਿਸੇ ਸੁਰ ਦੇ ਉਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ । |
| **XO 123** | X ਸਮ, O ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ । |



# ਮਹੀਨਾ ਅਗਸਤ/ਭਾਦਰੋ

ਭਾਦੁਇ ਭਰਮਿ ਭੁਲਾਣੀਆ, ਦੂਜੈ ਲਗਾ ਹੇਤੁ ॥ ਲਖ ਸੀਗਾਰ ਬਣਾਇਆ, ਕਾਰਜਿ ਨਾਹੀ ਕੇਤੁ ॥ ਜਿਤੁ ਦਿਨਿ ਦੇਹ ਬਿਨਸਸੀ, ਤਿਤੁ ਵੇਲੈ ਕਹਸਨਿ ਪ੍ਰੇਤੁ ॥ ਪਕੜਿ ਚਲਾਇਨਿ ਦੂਤ ਜਮ, ਕਿਸੈ ਨਾ ਦੇਨੀ ਭੇਤੁ ॥ ਛਡਿ ਖੜੋਤੇ ਖਿਨੈ ਮਾਹਿ, ਜਿਨ ਸਿਉ ਲਗਾ ਹੇਤੁ ॥ ਹਥ ਮਰੋੜੈ ਤਨੁ ਕਪੇ, ਸਿਆਹਹੁ ਹੋਆ ਸੇਤੁ ॥ ਜੇਹਾ ਬੀਜੈ ਸੋ ਲੁਣੈ, ਕਰਮਾ ਸੰਦੜਾ ਖੇਤੁ ॥ ਨਾਨਕ ਪ੍ਰਭ ਸਰਣਾਗਤੀ, ਚਰਣ ਬੋਹਿਥ ਪ੍ਰਭ ਦੇਤੁ ॥ ਸੇ ਭਾਦੁਇ ਨਰਕਿ ਨਾ ਪਾਈਅਹਿ, ਗੁਰੁ ਰਖਣ ਵਾਲਾ ਹੇਤੁ ॥੭॥

## ਗੁਰਪੁਰਬ

| | |
|---|---|
| ਪਾ. ੮ ਅਵਤਾਰ ਧਾਰਿਆ | ੭ ਅਗਸਤ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਣਤਾ ਦਿਵਸ (ਤਖ਼ਤ ਗੁਰੂ ਕਾਂਸ਼ੀ ਦਮਦਮਾ ਸਾਹਿਬ) | ੩੧ ਅਗਸਤ |

## ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ਅਜ਼ਾਦੀ ਦਿਨ | ੧੫ ਅਗਸਤ |
| ਸ੍ਰੀ ਦੁਰਗਾ ਅਸ਼ਟਮੀ | ੨੨ ਅਗਸਤ |
| ਰੱਖੜੀ (ਮੇਲਾ ਬਾਬਾ ਬਕਾਲਾ) | ੨੮ ਅਗਸਤ |

| | |
|---|---|
| ਸੰਮਤ ਬਿਕ੍ਰਮੀ | ੨੦੫੩ |
| ਸੰਮਤ ਨਾਨਕਸ਼ਾਹੀ | ੫੨੭ |
| ਸੰਮਤ ਖਾਲਸਾ | ੨੯੮ |
| ਸੰਮਤ ਸ਼ਾਕਾ | ੧੯੧੮ |

**ਅਗਸਤ AUGUST 1996**

| | |
|---|---|
| ਮੱਸਿਆ | ੧੪ ਅਗਸਤ |
| ਸੰਗਰਾਂਦ | ੧੬ ਅਗਸਤ |
| ਪੰਚਮੀ | ੧੯ ਅਗਸਤ |
| ਪੂਰਨਮਾਸ਼ੀ | ੨੮ ਅਗਸਤ |

| | | | | | |
|---|---|---|---|---|---|
| ਐਤ SUN | ✡ | ੪ ੨੦ ਸਾਵਣ ਸਾਵਣ ਵਦੀ ੬ | ੧੧ ੨੭ ਸਾਵਣ ਸਾਵਣ ਵਦੀ ੧੩ | ੧੮ ੩ ਭਾਦਰੋਂ ਸਾਵਣ ਸੁਦੀ ੪ | ੨੫ ੧੦ ਭਾਦਰੋਂ ਸਾਵਣ ਸੁਦੀ ੧੧ |
| ਸੋਮ MUN | ✡ | ੫ ੨੧ ਸਾਵਣ ਸਾਵਣ ਵਦੀ ੭ | ੧੨ ੨੮ ਸਾਵਣ ਸਾਵਣ ਵਦੀ ੧੩ | ੧੯ ੪ ਭਾਦਰੋਂ ਸਾਵਣ ਸੁਦੀ ੫ | ੨੬ ੧੧ ਭਾਦਰੋਂ ਸਾਵਣ ਸੁਦੀ ੧੨ |
| ਮੰਗਲ TUE | ✡ | ੬ ੨੨ ਸਾਵਣ ਸਾਵਣ ਵਦੀ ੮ | ੧੩ ੨੯ ਸਾਵਣ ਸਾਵਣ ਵਦੀ ੧੪ | ੨੦ ੫ ਭਾਦਰੋਂ ਸਾਵਣ ਸੁਦੀ ੬ | ੨੭ ੧੨ ਭਾਦਰੋਂ ਸ. ਸੁ.੧੩-੧੨ |
| ਬੁੱਧ WED | ✡ | ੭ ੨੩ ਸਾਵਣ ਸਾਵਣ ਵਦੀ ੯ | ੧੪ 30 ਸਾਵਣ ਸਾਵਣ ਵਦੀ ੩੦ | ੨੧ ੬ ਭਾਦਰੋਂ ਸਾਵਣ ਸੁਦੀ ੭ | ੨੮ ੧੩ ਭਾਦਰੋਂ ਸਾਵਣ ਸੁਦੀ ੧੫ |
| ਵੀਰ THU | ੧ ੧੭ ਸਾਵਣ ਸਾਵਣ ਵ.੨-੩ | ੮ ੨੪ ਸਾਵਣ ਸਾਵਣ ਵਦੀ ੧੦ | ੧੫ 3੧ ਸਾਵਣ ਸਾਵਣ ਵਦੀ ੧ | ੨੨ ੭ ਭਾਦਰੋਂ ਸਾਵਣ ਸੁਦੀ ੮ | ੨੯ ੧੪ ਭਾਦਰੋਂ ਭਾਦਰੋਂ ਵਦੀ ੧ |
| ਸ਼ੁੱਕਰ FRI | ੨ ੧੮ ਸਾਵਣ ਸਾਵਣ ਵ.੪ | ੯ ੨੫ ਸਾਵਣ ਸਾਵਣ ਵਦੀ ੧੧ | ੧੬ ੧ ਭਾਦਰੋਂ ਸਾਵਣ ਸੁਦੀ ੨ | ੨੩ ੮ ਭਾਦਰੋਂ ਸਾਵਣ ਸੁਦੀ ੯ | ੩੦ ੧੫ ਭਾਦਰੋਂ ਭਾਦਰੋਂ ਵਦੀ ੨ |
| ਸ਼ਨੀ SUN | ੩ ੧੯ ਸਾਵਣ ਸਾਵਣ ਵਦੀ ੫ | ੧੦ ੨੬ ਸਾਵਣ ਸਾਵਣ ਵਦੀ ੧੨ | ੧੭ ੨ ਭਾਦਰੋਂ ਸਾਵਣ ਸੁਦੀ ੩ | ੨੪ ੯ ਭਾਦਰੋਂ ਸਾਵਣ ਸੁਦੀ ੧੦ | ੩੧ ੧੬ ਭਾਦਰੋਂ ਭਾਦਰੋਂ ਵਦੀ ੩ |

ਅਰਥ : (ਜਿਵੇਂ) ਭਾਦਰੋਂ (ਦੇ ਤ੍ਰਾਟਕੇ ਤੇ ਘੁੰਮੇ) ਵਿੱਚ (ਮਨੁੱਖ ਬਹੁਤ ਘਬਰਾਂਦਾ ਹੈ, ਤਿਵੇਂ) ਜਿਸ ਜੀਵ-ਇਸਤ੍ਰੀ ਦਾ ਪਿਆਰ ਪ੍ਰਭੂ-ਪਤੀ ਤੋਂ ਬਿਨਾ ਕਿਸੇ ਹੋਰ ਨਾਲ ਲੱਗਦਾ ਹੈ ਉਹ ਭਟਕਣਾ ਦੇ ਕਾਰਨ ਜੀਵਨ ਦੇ ਸਹੀ ਰਸਤੇ ਤੋਂ ਖੁੰਝ ਜਾਂਦੀ ਹੈ, ਉਹ ਭਾਵੇਂ ਲੱਖਾਂ ਹਾਰ ਸਿੰਗਾਰ ਕਰੇ, (ਉਸ ਦੇ) ਕਿਸੇ ਕੰਮ ਨਹੀਂ ਆਉਂਦੇ ।

ਜਿਸ ਦਿਨ ਮਨੁੱਖ ਦਾ ਸਰੀਰ ਨਾਸ ਹੋਵੇਗਾ (ਜਦੋਂ ਮਨੁੱਖ ਮਰ ਜਾਇਗਾ) ਉਸ ਵੇਲੇ (ਸਾਰੇ ਸਾਕ-ਅੰਗ) ਆਖਣਗੇ ਕਿ ਇਹ ਹੁਣ ਗੁਜ਼ਰ ਗਿਆ ਹੈ। (ਲੋਥ ਅਪਵਿਤ੍ਰ ਪਈ ਹੈ, ਇਸ ਨੂੰ ਛੇਤੀ ਬਾਹਰ ਲੈ ਚੱਲੋ)। ਜਮਦੂਤ (ਜਿੰਦ ਨੂੰ) ਫੜ ਕੇ ਅੱਗੇ ਲਾ ਲੈਂਦੇ ਹਨ,ਕਿਸੇ ਨੂੰ (ਇਹ) ਭੇਤ ਨਹੀਂ ਦੱਸਦੇ (ਕਿ ਕਿੱਥੇ ਲੈ ਚੱਲੇ ਹਾਂ)। ਜਿੰਨ੍ਹਾਂ ਸੰਬੰਧੀਆਂ ਨਾਲ (ਸਾਰੀ ਉਮਰ ਬੜਾ) ਪਿਆਰ ਬਣਿਆ ਰਹਿੰਦਾ ਹੈ ਉਹ ਪਲ ਵਿਚ ਹੀ ਸਾਥ ਛੱਡ ਬੈਠਦੇ ਹਨ ।

(ਮੌਤ ਆਈ ਵੇਖ ਕੇ ਮਨੁੱਖ ਬੜਾ ਪਛੁਤਾਉਂਦਾ ਹੈ, ਉਸ ਦਾ ਸਰੀਰ ਔਖਾ ਹੁੰਦਾ ਹੈ, ਉਹ ਕਾਲੇ ਤੋਂ ਚਿੱਟਾ ਪਿਆ ਹੁੰਦਾ ਹੈ (ਘਬਰਾਹਟ ਨਾਲ ਇਕ ਰੰਗ ਆਉਂਦਾ ਹੈ ਇਕ ਜਾਂਦਾ ਹੈ)। ਇਹ ਸਰੀਰ ਮਨੁੱਖ ਦੇ ਕੀਤੇ ਕਰਮਾਂ ਦਾ ਖੇਤ ਹੈ, ਜੋ ਕੁਝ ਮਨੁੱਖ ਇਸ ਵਿਚ ਬੀਜਦਾ ਹੈ ਉਹੀ ਫਸਲ ਵੱਢਦਾ ਹੈ (ਜੇਹੇ ਕਰਮ ਕਰਦਾ ਹੈ, ਤੇਹਾ ਫਲ ਪਾਂਦਾ ਹੈ) ।

ਹੇ ਨਾਨਕ ! ਜਿੰਨ੍ਹਾਂ ਦਾ ਰਾਖਾ ਤੇ ਹਿਤੂ ਗੁਰੂ ਬਣਦਾ ਹੈ, ਉਹ ਨਰਕ ਵਿਚ ਨਹੀਂ ਪਾਏ ਜਾਂਦੇ, (ਕਿਉਂਕਿ ਗੁਰੂ ਦੀ ਕਿਰਪਾ ਨਾਲ) ਉਹ ਪ੍ਰਭੂ ਦੀ ਸਰਨ ਵਿਚ ਆ ਜਾਂਦੇ ਹਨ, ਗੁਰੂ ਉਹਨਾਂ ਨੂੰ ਪ੍ਰਭੂ ਦੇ ਚਰਨ-ਰੂਪ ਜਹਾਜ (ਵਿਚ ਚੜ੍ਹਾ) ਦੇਂਦਾ ਹੈ ।੭।